# 5:17-25

# ਐਲਡਰਾਂ ਦਾ ਸਨਮਾਨ

1 ਤਿਮੋਥਿਉਸ ਦੇ ਬਾਅਦ ਦੇ ਹਿੱਸੇ ਵਿਚ ਜ਼ੋਰ ਲੋਕਾਂ ਨਾਲ ਨਿਪਟਣ ਤੇ ਹੈ। ਪੌਲੁਸ ਨੇ 5:1-16 ਵਿਚ ਵਿਧਵਾਵਾਂ ਦੀ ਸਹਾਇਤਾ ਕਰਨ ਤੇ ਚਰਚਾ ਕੀਤੀ। 5:17 ਵਿਚ, ਉਹ ਐਲਡਰਾਂ ਦੇ ਨਾਲ ਵਿਹਾਰ ਵੱਲ ਮੁੜਿਆ। ਐਲਡਰ ਕਲੀਸਿਆ ਦੇ ਨਿਗਾਹਾਬਾਨਾਂ ਦੇ ਲਈ ਇੱਕ ਅਹੁਦਾ ਹੈ (ਵੇਖੋ 3:1-7; ਤੀਤੁਸ 1:5, 7)। ਜਦਕਿ ਅਧਿਆਇ 3 ਵਿਚ ਨਿਗਾਹਬਾਨਾਂ/ਐਲਡਰਾਂ ਦੇ ਲਈ ਯੋਗਤਾ ਦੀ ਇੱਕ ਸੂਚੀ ਸੀ, ਪਰ ਅਧਿਆਇ 5 ਵਿਚ ਕਲੀਸੀਆ ਦੇ ਆਗੂਆਂ ਦੇ ਨਾਲ ਤਿਮੋਥਿਉਸ ਦੇ ਸੰਬੰਧ ਦੇ ਵਿਸ਼ੇ ਵਿਚ ਵਿਹਾਰਿਕ ਸੁਝਾਅ ਦਿੱਤੇ ਗਏ ਹਨ।

ਜਦੋਂ ਅਸੀਂ 5:17-25 ਦਾ ਅਧਿਐਨ ਕਰਦੇ ਹਾਂ, ਇਸ ਸੰਭਾਵਨਾ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਅਫ਼ਸੁਸ ਵਿਚਲੇ ਕੁਝ ਝੂਠੇ ਸਿੱਖਿਅਕ ਐਲਡਰ ਸਨ (ਰਸੂਲਾਂ ਦੇ ਕਰਤੱਬ 20:17, 29, 30)। ਘੱਟ ਤੋਂ ਘੱਟ, ਉਨ੍ਹਾਂ ਵਿਚੋਂ ਕੁਝ ਸ਼ਾਇਦ ਐਲਡਰ ਬਣਨਾ ਚਾਹੁੰਦੇ ਸਨ (ਵੇਖੋ 1 ਤਿਮੋਥਿਉਸ 1:7)। ਸਾਨੂੰ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਤਿਮੋਥਿਉਸ ਦੀ ਸਥਿਤੀ ਸਾਡੇ ਵਾਂਗ ਬਿਲਕੁਲ ਵੀ ਨਹੀਂ ਸੀ। ਉਹ ਪੌਲੁਸ ਦਾ ਨੁਮਾਇੰਦਾ ਸੀ। ਤਾਂ ਵੀ, ਅਸੀਂ ਹੁਣ ਵੀ ਐਲਡਰਾਂ ਦੇ ਨਾਲ ਵਿਹਾਰ ਕਰਨ ਦੇ ਤਰੀਕੇ ਦੇ ਵਿਸ਼ੇ ਵਿਚ ਕਈ ਬੁਨਿਆਦੀ ਸਿਧਾਂਤਾਂ ਨੂੰ ਹਾਸਲ ਕਰ ਸਕਦੇ ਹਾਂ। ਅਸੀਂ ਆਮ ਤੌਰ ਤੇ ਲੋਕਾਂ ਦੇ ਨਾਲ ਵਿਹਾਰ ਕਰਨ ਦੇ ਤਰੀਕੇ ਦੇ ਵਿਸ਼ੇ ਵਿਚ ਜਾਣਕਾਰੀ ਹਾਸਲ ਕਰ ਸਕਦੇ ਹਾਂ – ਖਾਸ ਤੌਰ ਤੇ ਆਪਣੇ ਨਾਲ ਦੇ ਮਸੀਹੀਆਂ ਦੇ ਨਾਲ।

## ਆਦਰ ਸਹਿਤ (5:17, 18)

**[17]ਓਹ ਬਜ਼ੁਰਗ ਜਿਹੜੇ ਚੰਗਾ ਪਰਬੰਧ ਕਰਦੇ ਹਨ ਦੂਣੇ ਆਦਰ ਦੇ ਜੋਗ ਸਮਝੇ ਜਾਣ ਪਰ ਖਾਸ ਕਰਕੇ ਓਹ ਜਿਹੜੇ ਬਚਨ ਸੁਣਾਉਣ ਅਤੇ ਸਿੱਖਿਆ ਦੇਣ ਵਿੱਚ ਮਿਹਨਤ ਕਰਦੇ ਹਨ। [18]ਕਿਉਂ ਜੋ ਧਰਮ ਪੁਸਤਕ ਇਹ ਆਖਦੀ ਹੈ ਭਈ ਤੂੰ ਗਾਹੁੰਦੇ ਹੋਏ ਬਲਦ ਦੇ ਮੂੰਹ ਛਿੱਕਲੀ ਨਾ ਚਾੜ੍ਹ, ਨਾਲੇ ਇਹ ਭਈ ਕਾਮਾ ਆਪਣੀ ਮਜੂਰੀ ਦਾ ਹੱਕਦਾਰ ਹੈ।**

**ਆਇਤ 17.** ਪੌਲੁਸ ਨੇ ਇਹ ਲਿਖ ਕੇ ਸ਼ੁਰੂ ਕੀਤਾ, **ਓਹ ਬਜ਼ੁਰਗ ਜਿਹੜੇ ਚੰਗਾ ਪਰਬੰਧ ਕਰਦੇ ਹਨ ਦੂਣੇ ਆਦਰ ਦੇ ਜੋਗ ਸਮਝੇ ਜਾਣ ਪਰ ਖਾਸ ਕਰਕੇ ਓਹ ਜਿਹੜੇ ਬਚਨ ਸੁਣਾਉਣ ਅਤੇ ਸਿੱਖਿਆ ਦੇਣ ਵਿੱਚ ਮਿਹਨਤ ਕਰਦੇ ਹਨ।** "ਬਜ਼ੁਰਗ" (πρεσβύτερος ਦਾ ਬਹੁਵਚਨ, *ਪ੍ਰੈਸਬੁਟੇਰੋਸ)* ਨਵੇਂ ਨੇਮ ਵਿਚ ਕਲੀਸੀਆ ਦੇ ਨਿਗਾਹਬਾਨਾਂ ਦੇ ਲਈ ਵਰਤਿਆ ਜਾਣ ਵਾਲਾ ਸਭ ਤੋਂ ਆਮ ਸ਼ਬਦ ਹੈ। ਇਸ ਸ਼ਬਦ ਦਾ ਅਰਥ ਹੈ "ਬਜ਼ੁਰਗ ਆਦਮੀ," ਪਰ ਉਮਰ ਦੇ ਉੱਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ ਗਿਆ ਹੈ ਪਰ ਆਤਮਿਕ ਪਰਿਪੱਕਤਾ ਤੇ ਬਹੁਤਾ ਜ਼ੋਰ ਦਿੱਤਾ ਗਿਆ ਹੈ। ਪਹਿਲਾ ਤਿਮੋਥਿਉਸ ਵਿਚ ਪਹਿਲੀ ਵਾਰ ਇਸ ਤਰ੍ਹਾਂ ਦੇ ਪਦਨਾਮ[1] ਨੂੰ ਵਰਤਿਆ ਜਾ ਰਿਹਾ ਹੈ।

ਪੌਲੁਸ ਉਨ੍ਹਾਂ ਐਲਡਰਾਂ ਦੇ ਵਿਸ਼ੇ ਵਿਚ ਬੋਲ ਰਿਹਾ ਸੀ ਜੋ "ਚੰਗਾ ਪਰਬੰਧ" ਕਰਦੇ ਸਨ।

"ਚੰਗਾ" (καλῶς, *ਕਾਲੋਸ)* ਅਤੇ "ਪਰਬੰਧ" (προΐστημι, *ਪ੍ਰਇਸਟਮੀ)* ਸ਼ਬਦ ਅਧਿਆਇ 3 ਵਿਚ ਇਸਤੇਮਾਲ ਕੀਤੇ ਗਏ ਸਨ, ਜਿੱਥੇ ਇਨ੍ਹਾਂ ਦਾ ਅਨੁਵਾਦ "ਚੰਗੀ ਤਰਾਂ ਪਰਬੰਧ ..." ਕੀਤਾ ਗਿਆ ਹੈ (3:4)। ਉੱਥੇ ਇਹ ਸ਼ਬਦ ਘਰ ਦਾ ਪਰਬੰਧ ਕਰਨ ਦੇ ਸੰਬੰਧ ਵਿਚ ਵਰਤੇ ਗਏ ਸਨ; ਪਰ ਇੱਥੇ, ਉਹ ਕਲੀਸੀਆ ਦਾ ਪਰਬੰਧ ਕਰਨ ਦਾ ਉਲੇਖ ਕਰਦੇ ਹਨ। NIV ਵਿਚ ਹੈ "ਕਲੀਸੀਆ ਦੇ ਮਾਮਲਿਆਂ ਨੂੰ ਚੰਗੀ ਤਰ੍ਹਾਂ ਦੇ ਨਾਲ ਨਿਰਦੇਸ਼ਿਤ ਕੀਤਾ ਹੈ।" ਸ਼ਬਦ "ਚੰਗਾ" ਸਾਡੇ ਦਿਮਾਗਾਂ ਵਿਚ ਰੇਖਬੱਧ ਕੀਤਾ ਜਾਣਾ ਚਾਹੀਦਾ ਹੈ। ਐਲਡਰ ਸਿਰਫ ਕਲੀਸੀਆ ਦੀ ਨਿਗਾਹਬਾਨੀ ਦੇ ਲਈ ਹੀ ਜ਼ਿੰਮੇਵਾਰ ਨਹੀਂ ਸਨ; ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਆਪਣੇ ਕੰਮ ਨੂੰ ਵੀ *ਚੰਗੀ ਤਰ੍ਹਾਂ* ਦੇ ਨਾਲ ਕਰਨ।

ਪੌਲੁਸ ਦੇ ਦਿਮਾਗ ਵਿਚ "ਖਾਸ ਕਰਕੇ" ਉਹ ਲੋਕ ਸਨ ਜੋ "ਬਚਨ ਸੁਣਾਉਣ[2] ਅਤੇ ਸਿੱਖਿਆ ਦੇਣ ਵਿੱਚ ਮੇਹਨਤ ਕਰਦੇ ਹਨ।" ਇਸ ਦਾ ਅਰਥ ਇਹ ਨਹੀਂ ਹੈ ਕਿ ਕੁਝ ਹੀ ਐਲਡਰ ਸਿਖਾ ਸਕਦੇ ਸਨ। ਸਿਖਾ ਸੱਕਣ ਦੇ ਯੋਗ ਹੋਣਾ ਨਿਗਾਹਬਾਨ ਦੀਆਂ ਯੋਗਤਾਵਾਂ ਵਿਚੋਂ ਇੱਕ ਹੈ (3:2)।[3] ਇਸ ਦੀ ਬਜਾਇ, ਇਹ ਆਇਤ ਸਾਨੂੰ ਦੱਸਦੀ ਹੈ ਕਿ, ਚਰਵਾਹਿਆਂ ਦੇ ਰੂਪ ਵਿਚ ਆਪਣੀ ਭੂਮਿਕਾ ਨਿਭਾਉਣ ਦੇ ਨਾਲ ਨਾਲ, ਕੁਝ ਐਲਡਰ ਆਪਣੀ ਸੇਵਕਾਈ ਦਾ ਬਹੁਤਾ ਭਾਗ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਵਿਚ ਖਰਚ ਕਰਦੇ ਹਨ।[4]

ਵਾਕ "ਮਿਹਨਤ" ਵੱਲ ਇੱਕ ਵਾਰ ਫਿਰ ਨਜ਼ਰ ਮਾਰਨ ਦੀ ਲੋੜ ਹੈ। ਇਹ κοπιάω *(ਕੋਪੀਆਓ)* ਤੋਂ ਹੈ, ਜਿਸ ਦੇ ਅਰਥ "ਆਪਣਾ ਪੂਰਾ ਜ਼ੋਰ ਲਗਾਉਣਾ ... , ਸਖਤ ਮਿਹਨਤ ਕਰਨਾ, ਮੁਸ਼ੱਕਤ ਕਰਨਾ, ਕੋਸ਼ਿਸ਼ ਕਰਨਾ, ਸੰਘਰਸ਼ ਕਰਨਾ," ਥੱਕ ਜਾਣ ਦੇ ਬਿੰਦੂ ਤੱਕ ਕੰਮ ਕਰਨਾ।[5] ਅਸੀਂ ਆਪਣੇ ਅਧਿਐਨਾਂ ਵਿਚ ਇੱਕ ਵਾਰ ਪਹਿਲਾਂ ਇਸ ਸ਼ਬਦ ਨੂੰ ਵੇਖਿਆ ਹੈ; 4:10 ਵਿਚ ਇਹ ਇੰਜੀਲ ਨੂੰ ਫੈਲਾਉਣ ਦੀਆਂ ਪੌਲੁਸ ਦੀਆਂ ਕੋਸ਼ਿਸ਼ਾਂ ਵਿਚ ਲਾਗੂ ਹੁੰਦਾ ਹੈ। ਪਰਮੇਸ਼ੁਰ ਅੱਧੇ-ਮਨ ਨਾਲ ਕੀਤੀ ਜਾਣ ਵਾਲੀ ਐਲਡਰਾਂ ਦੀ ਮੇਹਨਤ ਨੂੰ ਨਹੀਂ ਚਾਹੁੰਦਾ ਹੈ, ਪਰ ਉਹ ਮਸੀਹ ਦੇ ਲਈ ਇੱਕ ਪੂਰੇ ਮਨ ਦਾ ਸਮਰਪਣ ਚਾਹੁੰਦਾ ਹੈ।

ਉਹ ਐਲਡਰ ਜੋ ਚੰਗਾ ਪਰਬੰਧ ਕਰਦੇ ਅਤੇ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਵਿਚ ਮੇਹਨਤ ਕਰਦੇ ਹਨ ਉਹ "ਦੂਣੇ ਆਦਰ ਦੇ ਜੋਗ ਸਮਝੇ ਜਾਣ।" "ਆਦਰ" ਦੇ ਲਈ ਯੂਨਾਨੀ ਸ਼ਬਦ τιμή *(ਟਾਇਮ)* ਹੈ। ਸੰਬੰਧਤ ਕਿਰਿਆ τιμάω *(ਟਿਮਾਓ)* 5:3 ਵਿਚ ਪਰਗਟ ਹੁੰਦੀ ਹੈ, ਜਿੱਥੇ ਅਸੀਂ ਸੁਝਾਅ ਦਿੱਤਾ ਹੈ ਕਿ ਇਹ ਆਦਰ ਅਤੇ ਵਿੱਤੀ ਸਹਾਇਤਾ[6] ਦੋਵਾਂ ਨੂੰ ਦਰਸਾਉਂਦਾ ਹੈ। "ਦੂਣੇ" διπλοῦς (*ਡਿਪਲੋਸ,* "ਦੋਹਰੇ") ਤੋਂ ਹੈ,[7] ਪਰ ਇਸ ਆਇਤ ਵਿਚ ਇਸ ਦਾ ਕੀ ਅਰਥ ਹੈ?

ਬਹੁਤ ਸਾਰੀਆਂ ਵਿਆਖਿਆਵਾਂ ਦਿੱਤੀਆਂ ਗਈਆਂ ਹਨ। ਕੁਝ ਲੋਕ ਸੋਚਦੇ ਹਨ "ਦੂਣਾ" "ਦੁੱਗਣੀ ਤਨਖਾਹ" ਦੇ ਬਰਾਬਰ ਹੈ (ਅਰਥਾਤ, ਵਿਧਵਾਵਾਂ ਤੋਂ ਦੁੱਗਣੀ)। NEB ਵਿਚ ਹੈ "ਦੁੱਗਣੀ ਤਨਖਾਹ।" ਹੋਰ ਲੋਕ ਮੰਨਦੇ ਹਨ ਕਿ ਪੌਲੁਸ ਦੇ ਸ਼ਬਦਾਂ ਨੂੰ ਆਦਰ ਦੇ ਸੰਕਲਪ ਤੱਕ ਹੀ ਸੀਮਿਤ ਰੱਖਿਆ ਜਾਣਾ ਚਾਹੀਦਾ ਹੈ। ਉਦਾਹਰਣ ਦੇ ਲਈ, ਕੁਝ ਲੋਕਾਂ ਨੇ ਪ੍ਰਸਤਾਵ ਦਿੱਤਾ ਹੈ ਕਿ ਐਲਡਰਾਂ ਨੂੰ ਉਨ੍ਹਾਂ ਦੀ ਉਮਰ ਦੇ ਕਾਰਣ ਆਦਰ ਮਿਲਣਾ ਚਾਹੀਦਾ ਹੈ (ਵੇਖੋ 3:1) ਉਸ ਦੇ ਨਾਲ ਨਾਲ ਕਲੀਸੀਆ ਦੇ ਐਲਡਰਾਂ ਦੇ ਰੂਪ ਵਿਚ ਵੀ ਉਨ੍ਹਾਂ ਨੂੰ ਸਨਮਾਨ ਪ੍ਰਾਪਤ ਹੋਣਾ ਚਾਹੀਦਾ ਹੈ (1 ਥੱਸਲੁਨੀਕੀਆਂ 5:12, 13)। ਇੱਕ ਹੋਰ ਵਿਚਾਰ ਇਹ ਹੈ ਕਿ ਇਸ ਵਿਚ ਉਹ ਆਦਰ ਵੀ ਸ਼ਾਮਲ ਹੈ ਜੋ ਅਸੀਂ ਐਲਡਰਾਂ ਨੂੰ ਦਿੰਦੇ ਹਾਂ ਅਤੇ ਉਹ ਆਦਰ ਜੋ ਉਹ ਪਰਮੇਸ਼ੁਰ ਕੋਲੋਂ ਹਾਸਲ ਕਰਦੇ ਹਨ (ਵੇਖੋ 1 ਪਤਰਸ 5:1, 4)।

**ਆਇਤ 18.** ਪੌਲੁਸ ਨੇ ਸਮਝਾਇਆ ਕਿ ਵਾਕ "ਦੂਣੇ ਆਦਰ" ਦੇ ਵਿਚ ਵਿੱਤੀ ਸਹਾਇਤਾ ਵੀ ਸ਼ਾਮਲ ਹੈ: **ਕਿਉਂ ਜੋ ਧਰਮ ਪੁਸਤਕ ਇਹ ਆਖਦੀ ਹੈ ਭਈ ਤੂੰ ਗਾਹੁੰਦੇ ਹੋਏ ਬਲਦ ਦੇ ਮੂੰਹ ਛਿੱਕਲੀ**

**ਨਾ ਚਾੜ੍ਹ, ਨਾਲੇ ਇਹ ਭਈ ਕਾਮਾ ਆਪਣੀ ਮਜੂਰੀ ਦਾ ਹੱਕਦਾਰ ਹੈ।** ਪਹਿਲਾ ਹਵਾਲਾ ਬਿਵਸਥਾ ਸਾਰ 25:4 ਤੋਂ ਲਿਆ ਗਿਆ ਹੈ। ਇਹ ਪੌਲੁਸ ਦੀ ਪਸੰਦੀਦਾ ਲਿਖਤ ਸੀ ਜੋ ਪ੍ਰਚਾਰਕਾਂ ਨੂੰ ਤਨਖਾਹ ਦਿੱਤੇ ਜਾਣ ਦੇ ਸੰਬੰਧ ਵਿਚ ਸੀ (ਪ੍ਰਸੰਗ ਵਿਚ 1 ਕੁਰਿੰਥੀਆਂ 9:9 ਨੂੰ ਵੇਖੋ)। ਇਹ ਉਦਾਹਰਣ ਇੱਕ ਬਦਲ ਦੀ ਹੈ ਜੋ ਕਣਕ ਦੇ ਬੁੱਥਿਆਂ ਦੇ ਉੱਤੋਂ ਦੀ ਚਲ ਰਿਹਾ ਹੈ ਤਾਂ ਕਿ ਕਣਕ ਨੂੰ ਤੂੜੀ ਤੋਂ ਵੱਖਰਾ ਕਰੇ। ਪਰਮੇਸ਼ੁਰ ਨੇ ਹੁਕਮ ਦਿੱਤਾ ਹੈ ਕਿ ਕੰਮ ਕਰਦੇ ਸਮੇਂ ਬਲਦ ਨੂੰ ਖਾਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ, ਇਹ ਵੀ ਸਹੀ ਹੈ ਕਿ (ਜਦੋਂ ਇੱਕ ਐਲਡਰ ਜਾਂ ਇੱਕ ਪ੍ਰਚਾਰਕ) ਪ੍ਰਚਾਰ ਕਰਨ ਅਤੇ ਸਿਖਾਉਣ ਵਿਚ ਆਪਣਾ ਤਾਕਤ ਲਗਾ ਰਿਹਾ ਹੈ ਤਾਂ ਉਸ ਨੂੰ ਇਹ ਕਰਦੇ ਹੋਏ ਤਨਖਾਹ ਵੀ ਦਿੱਤੀ ਜਾਣੀ ਚਾਹੀਦੀ ਹੈ।

ਦੂਸਰਾ ਹਵਾਲਾ ਲੂਕਾ ਦੀ ਇੰਜੀਲ[8] ਵਿੱਚੋਂ ਲਿਆ ਗਿਆ ਹੈ (ਲੂਕਾ 10:7; ਵੇਖੋ ਮੱਤੀ 10:10), ਜੋ ਲੂਕਾ ਨੇ ਕੁਝ ਸਮਾਂ ਪਹਿਲਾਂ ਲਿਖਿਆ ਸੀ।[9] ਕੁਝ ਲੋਕ ਇਤਰਾਜ਼ ਕਰਦੇ ਹਨ ਕਿ ਪੌਲੁਸ ਨੇ ਲੂਕਾ ਤੋਂ ਹਵਾਲਾ ਦਿੱਤਾ ਹੈ; ਪਰ, ਪੌਲੁਸ ਅਤੇ ਲੂਕਾ ਦੇ ਨਜ਼ਦੀਕੀ ਸੰਬੰਧ ਤੇ ਵਿਚਾਰ ਕਰਦੇ ਹੋਏ ਇਹ ਹੈਰਾਨੀ ਦੀ ਗੱਲ ਹੋਵੇਗੀ ਜੇਕਰ ਪੌਲੁਸ ਨੂੰ ਲੂਕਾ ਦੁਆਰਾ ਲਿਖੀਆਂ[10] ਗੱਲਾਂ ਦੇ ਵਿਸ਼ੇ ਵਿਚ ਜਾਣਕਾਰੀ ਨਾ ਹੋਵੇ। ਲੂਕਾ 10:7 ਦਾ ਹਵਾਲਾ ਯਿਸੂ ਦੁਆਰਾ ਸੱਤਰਾਂ ਨੂੰ ਦਿੱਤੀਆਂ ਗਈਆਂ ਹਿਦਾਇਤਾਂ ਦਾ ਇੱਕ ਹਿੱਸਾ ਹੈ। ਯਿਸੂ ਨੇ ਸੰਕੇਤ ਦਿੱਤਾ ਕਿ ਜੋ ਲੋਕ ਖੁਸ਼ਖਬਰੀ ਨੂੰ ਦੂਸਰਿਆਂ ਤੱਕ ਲੈ ਕੇ ਜਾਂਦੇ ਹਨ ਉਨ੍ਹਾਂ ਦਾ ਸਮਰਥਨ ਵੀ ਉਨ੍ਹਾਂ ਖੁਸ਼ਖਬਰੀ ਨੂੰ ਸੁਣਨ ਵਾਲਿਆਂ ਦੇ ਦੁਆਰਾ ਕੀਤਾ ਜਾਣਾ ਚਾਹੀਦਾ ਹੈ।

ਇਹ ਮਹੱਤਵਪੂਰਣ ਹੈ ਕਿ ਪੌਲੁਸ ਨੇ ਬਿਵਸਥਾ ਸਾਰ ਅਤੇ ਲੂਕਾ ਦੋਵਾਂ ਤੇ "ਧਰਮ ਪੁਸਤਕ" ਸ਼ਬਦ ਨੂੰ ਇਸਤੇਮਾਲ ਕੀਤਾ ਹੈ। ਜਿਸ ਸ਼ਬਦ ਦਾ ਅਨੁਵਾਦ "ਧਰਮ ਪੁਸਤਕ" (γραφή, *ਗ੍ਰਾਫੀ)* ਕੀਤਾ ਗਿਆ ਹੈ ਉਹ ਦਾ ਸ਼ਾਬਦਿਕ ਅਰਥ "ਲਿਖਤ" ਹੈ, ਪਰ ਇਸ ਸ਼ਬਦ ਦਾ ਅਰਥ "ਪ੍ਰੇਰਿਤ ਲਿਖਤ"[11] ਹੈ। ਇੱਥੋਂ ਤੱਕ ਕਿ ਕਲੀਸੀਆ ਦੇ ਇਤਹਾਸ ਦੇ ਸ਼ੁਰੂਆਤੀ ਚਰਣ ਵਿਚ, ਇਹ ਪਛਾਣਿਆ ਗਿਆ ਸੀ ਕਿ ਜੋ ਕੁਝ ਪ੍ਰੇਰਿਤ ਲੋਕਾਂ ਦੇ ਦੁਆਰਾ ਲਿਖਿਆ ਗਿਆ ਸੀ ਉਹ ਮਸੀਹੀਆਂ ਦੇ ਲਈ ਧਰਮ ਪੁਸਤਕ ਸੀ (ਵੇਖੋ 2 ਪਤਰਸ 3:15, 16), ਇੱਥੋਂ ਤੱਕ ਕਿ ਯਹੂਦੀਆਂ ਦੇ ਲਈ ਪੁਰਾਣਾ ਨੇਮ ਵੀ ਧਰਮ ਪੁਸਤਕ ਸੀ।

ਜਦੋਂ ਸਭ ਕੁਝ ਤੇ ਵਿਚਾਰ ਕੀਤਾ ਗਿਆ ਹੈ, ਤਾਂ ਵਾਕ "ਦੂਣੇ ਆਦਰ" ਵਿਚ ਸਨਮਾਨ ਅਤੇ ਪ੍ਰਤਿਫਲ – ਆਦਰ ਅਤੇ ਤਨਖਾਹ ਸ਼ਾਮਲ ਹੋਣ ਦੀ ਸਭ ਤੋਂ ਵਧੀਕ ਸੰਭਾਵਨਾ ਹੈ। ਫਿਲਿਪਸ ਦੀ ਕਹਾਣੀ ਇਸ ਪ੍ਰਕਾਰ ਕਹਿੰਦੀ ਹੈ: "ਐਲਡਰ ... ਆਦਰ ਅਤੇ ਯੋਗ ਤਨਖਾਹ ਦੇ ਯੋਗ ਸਮਝੇ ਜਾਣੇ ਚਾਹੀਦੇ ਹਨ।"

## ਨਿਆਂ ਦੇ ਨਾਲ (5:19, 20)

**19ਬਜ਼ੁਰਗ ਦੇ ਜੁੰਮੇ ਕੋਈ ਦੋਸ਼ ਨਾ ਸੁਣੀਂ ਜਿੰਨਾ ਚਿਰ ਦੋ ਯਾ ਤਿੰਨ ਗਵਾਹ ਨਾ ਹੋਣ। 20ਜਿਹੜੇ ਪਾਪ ਕਰਦੇ ਹਨ ਓਹਨਾਂ ਨੂੰ ਸਭਨਾਂ ਦੇ ਸਾਹਮਣੇ ਝਿੜਕ ਦੇਹ ਭਈ ਬਾਕੀ ਦਿਆਂ ਨੂੰ ਭੀ ਡਰ ਰਹੇ।**

**ਆਇਤ 19.** ਐਲਡਰਾਂ ਨੂੰ ਆਦਰ ਦਿਖਾਉਣ ਦੇ ਸੰਬੰਧ ਵਿਚ ਇੱਕ ਉਦਾਹਰਣ ਦਿੱਤੀ ਗਈ ਹੈ: **ਬਜ਼ੁਰਗ ਦੇ ਜੁੰਮੇ ਕੋਈ ਦੋਸ਼ ਨਾ ਸੁਣੀਂ**[12] **ਜਿੰਨਾ ਚਿਰ ਦੋ ਯਾ ਤਿੰਨ ਗਵਾਹ**[13] **ਨਾ ਹੋਣ।** ਐਲਡਰਾਂ ਵਰਗੇ ਲੋਕ, ਲੋਕਾਂ ਦੀਆਂ ਅੱਖਾਂ ਵਿਚ ਹੁੰਦੇ ਹਨ ਕਿ ਉਹ ਉਨ੍ਹਾਂ ਦੀ ਨਿੰਦਾ ਕਰਨ ਅਤੇ ਉਨ੍ਹਾਂ ਦੇ ਚਰਿੱਤਰ ਨੂੰ ਬਰਬਾਦ ਕਰਨ। ਉਨ੍ਹਾਂ ਦੀ ਰੱਖਿਆ ਕਰਨ ਇੱਕ ਤਰੀਕਾ ਪੌਲੁਸ ਦੀ ਹਿਦਾਇਤ ਨੂੰ

ਮੰਨਣਾ ਹੈ "ਬਜ਼ੁਰਗ ਦੇ ਜ਼ੁੰਮੇ ਕੋਈ ਦੋਸ਼ ਨਾ ਸੁਣੀਂ ਜਿੰਨਾ ਚਿਰ ਦੋ ਯਾ ਤਿੰਨ ਗਵਾਹ ਨਾ ਹੋਣ" (CJB)। ਇੱਕ ਦੋਸ਼ ਦੇ ਦੁਆਰਾ ਹੀ ਐਲਡਰਾਂ ਦੀ ਇੱਜ਼ਤ ਅਤੇ ਸਨਮਾਨ ਨੂੰ ਖਤਮ ਕੀਤਾ ਜਾ ਸਕਦਾ ਹੈ।

ਇਸ ਦਾ ਅਰਥ ਇਹ ਨਹੀਂ ਹੈ ਕਿ ਇੱਕ ਐਲਡਰ ਦੇ ਉੱਤੇ ਬਹੁਤ ਸਾਰੇ ਗਵਾਹਾਂ ਦੇ ਦੁਆਰਾ ਲਗਾਇਆ ਗਿਆ ਦੋਸ਼ ਆਪਣੇ ਆਪ ਸੱਚ ਮੰਨ ਲੈਣਾ ਚਾਹੀਦਾ ਹੈ, ਪਰ ਇਸ ਦੀ ਲੋੜ ਨਹੀਂ ਹੈ ਕਿ ਅਸੀਂ ਕਿਸੇ ਵੀ ਦੋਸ਼ ਨੂੰ ਗੰਭੀਰਤਾ ਦੇ ਨਾਲ ਲਈਏ। ਜਦੋਂ ਦੋ ਜਾਂ ਤਿੰਨ ਗਵਾਹ ਸਮਰਥਨ ਕਰਦੇ ਹਨ, ਤਾਂ ਉਹ ਸਮਾਂ ਹੁੰਦਾ ਹੈ, ਕਿ ਦੋਸ਼ ਦੀ ਚੰਗੀ ਤਰ੍ਹਾਂ ਅਤੇ ਪ੍ਰਾਰਥਨਾ ਦੇ ਨਾਲ ਜਾਂਚ ਕੀਤੀ ਜਾਵੇ। ਇਸ ਜਾਂਚ ਵਿਚ ਇਹ ਸਿਆਣਪ ਹੋਵੇਗੀ ਕਿ ਹੋਰ ਐਲਡਰ ਲੋਕ (ਨਾ ਕਿ ਪ੍ਰਚਾਰਕ) ਅਜਿਹੀ ਜਾਂਚ ਦੀ ਵਾਗ-ਡੋਰ ਨੂੰ ਸੰਭਾਲਣ। ਅਫ਼ਸੁਸ ਵਿਚ ਇਸ ਪ੍ਰਕਿਰਿਆ ਵਿਚ ਤਿਮੋਥਿਉਸ ਜੋ ਵੀ ਕਿਰਦਾਰ ਨਿਭਾ ਰਿਹਾ ਸੀ, ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਪੌਲੁਸ ਦੇ ਪ੍ਰਤਿਨਿਧੀ ਦੇ ਰੂਪ ਵਿਚ ਕੰਮ ਕਰ ਰਿਹਾ ਸੀ – ਜੋ ਅੱਜ ਦੇ ਪ੍ਰਚਾਰਕ ਨਹੀਂ ਹੁੰਦੇ ਹਨ।

**ਆਇਤ 20.** ਜਾਂਚ ਤੋਂ ਬਾਅਦ, ਇਹ ਸਪੱਸ਼ਟ ਹੋ ਸਕਦਾ ਹੈ ਕਿ ਦੋਸ਼ ਸਹੀ ਸੀ। (ਫਿਰ ਸਾਨੂੰ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕੁਝ ਝੂਠੇ ਸਿੱਖਿਅਕ ਸਭਾ ਵਿਚ ਐਲਡਰ ਹੋ ਸਕਦੇ ਹਨ।) ਜੇਕਰ ਦੋਸ਼ ਸਾਬਤ ਹੋਇਆ ਸੀ ਅਤੇ ਐਲਡਰ ਦੇ ਮਨ ਵਿਚ ਕੋਈ ਪਛਤਾਵਾ ਨਾ ਹੋਵੇ, ਤਾਂ ਪੌਲੁਸ ਨੇ ਕਿਹਾ, **ਜਿਹੜੇ ਪਾਪ ਕਰਦੇ ਹਨ ਓਹਨਾਂ ਨੂੰ ਸਭਨਾਂ ਦੇ ਸਾਹਮਣੇ ਝਿੜਕ ਦੇਹ ਭਈ ਬਾਕੀ ਦਿਆਂ ਨੂੰ ਭੀ ਡਰ ਰਹੇ।**

ਵਾਕ "ਜਿਹੜੇ ਪਾਪ ਕਰਦੇ ਹਨ"[14] ਦੱਸਦਾ ਹੈ ਕਿ, ਗਲਤੀ ਕਰਨ ਵਾਲੇ ਇੱਕ ਭਰਾ ਨੂੰ ਬਹਾਲ ਕਰਨ ਦੀ ਕੋਸ਼ਿਸ਼ ਤੋਂ ਬਾਅਦ, ਜੇਕਰ ਉਹ ਪਛਚਾਤਾਪ ਕਰਨ ਦੀ ਬਜਾਇ ਪਾਪ ਵਿਚ ਬਣਿਆ ਰਹਿੰਦਾ ਹੈ (ਵੇਖੋ NRSV)। ਇੱਕ ਦੋਸ਼ੀ ਭਰਾ ਨੂੰ ਬਹਾਲ ਕਰਨ ਦੀ ਕੋਸ਼ਿਸ਼ ਦੇ ਦੂਜੇ ਹਵਾਲੇ ਸੰਕੇਤ ਕਰਦੇ ਹਨ ਕਿ ਸਾਨੂੰ ਪਹਿਲਾਂ ਇਕੱਲੇ ਉਸ ਦੇ ਕੋਲ ਜਾਣਾ ਚਾਹੀਦਾ ਹੈ (ਮੱਤੀ 18:15), "ਨਰਮਾਈ ਦੇ ਸੁਭਾਉ ਨਾਲ" (ਗਲਾਤੀਆਂ 6:1; ਵੇਖੋ 2 ਤਿਮੋਥਿਉਸ 2:25)। ਕਈਆਂ ਨੂੰ ਆਪਣੇ ਭਰਾ ਨੂੰ ਬਹਾਲ ਕਰਨ ਦੇ ਲਈ ਬੇਨਤੀ ਕਰਨੀ ਚਾਹੀਦੀ ਹੈ (ਮੱਤੀ 18:16, 17)। ਉਸ ਨੂੰ "ਪਹਿਲੀ ਅਤੇ ਦੂਸਰੀ ਚੇਤਾਵਨੀ" ਦਿੱਤੀ ਜਾਣ ਦੀ ਲੋੜ ਹੁੰਦੀ ਹੈ (ਤੀਤੁਸ 3:10)। ਫਿਰ, ਜੇਕਰ ਪਛਚਾਤਾਪ ਕਰਵਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਗਈਆਂ ਹਨ, ਪੌਲੁਸ ਨੇ ਹਿਦਾਇਤ ਦਿੱਤੀ, "ਓਹਨਾਂ [ਉਹ ਐਲਡਰ ਜੋ ਆਪਣੇ ਪਾਪ ਵਿਚ ਬਣਿਆ ਰਹਿੰਦਾ ਹੈ] ਨੂੰ ਸਭਨਾਂ ਦੇ ਸਾਹਮਣੇ ਝਿੜਕ ਦੇਹ।"[15]

"ਸਭਨਾਂ ਦੇ ਸਾਹਮਣੇ ਝਿੜਕ ਦੇਹ"[16] ਦੇ ਅਰਥ ਦੇ ਸੰਬੰਧ ਵਿਚ ਕੁਝ ਅਸਹਿਮਤੀ ਹੈ। "ਸਭਨਾਂ" ਦੀ ਸ਼ਾਇਦ ਸਾਰੇ ਐਲਡਰਾਂ ਦੇ ਰੂਪ ਵਿਚ ਵਿਆਖਿਆ ਕੀਤੀ ਜਾ ਸਕਦੀ ਹੈ, ਪਰ ਇਸ ਦਾ ਇਰਾਦਾ ਸ਼ਾਇਦ ਹੋਰਨਾਂ ਨੂੰ ਵੀ ਸ਼ਾਮਲ ਕਰਨ ਦਾ ਹੋਵੇ: "ਸਾਰੀ ਕਲੀਸੀਆ ਦੇ ਮੈਂਬਰਾਂ ਨੂੰ" (ਵੇਖੋ ਮੱਤੀ 18:17)। ਇਸ ਬਾਅਦ ਦੇ ਵਿਚਾਰ ਦੇ ਸਮਰਥਨ ਵਿਚ, ਕੁਝ ਸੰਸਕਰਣਾਂ ਵਿਚ "ਜਨਤਕ ਤੌਰ ਤੇ" ਹੈ (NEB; NAB; NJB), ਜਦਕਿ ਦੂਜਿਆਂ ਦੇ ਵਿਚ ਹੈ "ਸਾਰੀ ਕਲੀਸੀਆ ਦੇ ਸਾਹਮਣੇ" ਹੈ (NCV; NLT)। ਜੌਨ ਆਰ. ਡਬਲਿਯੂ. ਸਟੌਟ ਦੀ ਸਲਾਹ ਸਹੀ ਜਾਪਦੀ ਹੈ: "ਇਹ ਇੱਕ ਸੁਰੱਖਿਅਤ ਨਿਯਮ ਹੈ ਕਿ ਵਿਅਕਤੀਗਤ ਪਾਪਾਂ ਨੂੰ ਵਿਅਕਤੀਗਤ ਤੌਰ ਤੇ ਹੀ, ਅਤੇ ਸਿਰਫ ਜਨਤਕ ਪਾਪਾਂ ਨੂੰ ਜਨਤਕ ਤੌਰ ਤੇ ਨਿਪਟਾਇਆ ਜਾਵੇ। ਇਹ ਨਾ ਹੀ ਸਹੀ ਹੈ ਅਤੇ ਨਾ ਹੀ ਜ਼ਰੂਰੀ ਕਿ ਵਿਅਕਤੀਗਤ ਨੂੰ ਜਨਤਕ ਬਣਾਇਆ ਜਾਵੇ, ਜਦੋਂ ਤੱਕ ਸਾਰੀਆਂ ਸੰਭਾਵਨਾਵਾਂ ਸਮਾਪਤ ਨਾ ਹੋ ਜਾਣ।"[17]

ਉਹ ਸ਼ਬਦ ਜਿਸ ਦਾ ਅਨੁਵਾਦ "ਝਿੜਕ ਦੇਹ" (ἐλέγχω, *ਏਲੇਨਕੋ)* ਕੀਤਾ ਗਿਆ ਹੈ ਉਹ

5:1 ਵਿਚ "ਝਿੜਕੀਂ" (ἐπιπλήσσω, *ਏਪੀਪਲੇਸੋ,* "ਵਾਰ ਕਰਨਾ," "ਮੂੰਹ ਨਾਲ ਹਮਲਾ") ਸ਼ਬਦ ਦੇ ਸਮਾਨ ਨਹੀਂ ਹੈ। ਆਇਤ 5:20 ਵਿਚ ਇਸਤੇਮਾਲ ਕੀਤੇ ਗਏ ਸ਼ਬਦ ਦਾ ਅਰਥ ਹੈ "ਕਿਸੇ ਦੇ ਕੰਮ ਨੂੰ ਸਖ਼ਤੀ ਨਾਲ ਅਸਵੀਕਾਰ ਕਰਨਾ,"[18] ਪਰ ਇਹ ਆਇਤ 1 ਵਿਚ ਮਨ੍ਹਾ ਕੀਤੇ ਕਠੋਰਤਾ ਤੋਂ ਰਹਿਤ ਹੈ। ਇਸ ਝਿੜਕ ਦਾ ਉਦੇਸ਼ ਇੱਕ ਦੋਸ਼ੀ ਭਾਈ ਨੂੰ ਸ਼ਰਮਿੰਦਾ ਜਾਂ ਪਰੇਸ਼ਾਨ ਕਰਨਾ ਨਹੀਂ ਹੈ ਪਰ ਇਹ ਉਸ ਦੀ ਆਤਮਾ ਨੂੰ ਬਚਾਉਣ ਦੀ ਕੋਸ਼ਿਸ਼ ਦਾ ਇੱਕ ਭਾਵ ਹੈ। ਇਸ ਦਾ ਸੰਬੰਧ ਬਦਲਾ ਲੈਣਾ ਜਾਂ ਵੈਰ ਕਰਨਾ ਨਹੀਂ ਹੈ, ਪਰ ਇਸ ਦਾ ਸੰਬੰਧ ਤੋਬਾ ਅਤੇ ਬਹਾਲੀ ਹੈ। ਯਾਕੂਬ ਨੇ ਲਿਖਿਆ, "ਮੇਰੇ ਭਰਾਵੋ, ਜੇ ਕੋਈ ਤੁਹਾਡੇ ਵਿੱਚੋਂ ਸਚਿਆਈ ਦੇ ਰਾਹੋਂ ਭੁੱਲ ਜਾਵੇ ਅਤੇ ਕੋਈ ਉਹ ਨੂੰ ਮੋੜ ਲਿਆਵੇ, ਤਾਂ ਉਹ ਜਾਣ ਲਵੇ ਭਈ ਜਿਹ ਨੇ ਇੱਕ ਪਾਪੀ ਨੂੰ ਉਹ ਦੀ ਬਦਰਾਹੀ ਤੋਂ ਮੋੜ ਲਿਆਂਦਾ ਉਹ ਇੱਕ ਜਾਨ ਨੂੰ ਮੌਤ ਤੋਂ ਬਚਾਵੇਗਾ ਅਤੇ ਬਾਹਲਿਆਂ ਪਾਪਾਂ ਨੂੰ ਢੱਕ ਦੇਵੇਗਾ" (ਯਾਕੂਬ 5:19, 20)।

ਪੌਲੁਸ ਨੇ ਝਿੜਕਣ ਦੇ ਇੱਕ ਵਾਧੂ ਉਦੇਸ਼ ਦਾ ਸੰਕੇਤ ਦਿੱਤਾ: "ਭਈ ਬਾਕੀ ਦਿਆਂ ਨੂੰ ਭੀ ਡਰ ਰਹੇ।" ਅਸਲੀ ਲਿਖਤ ਵਿਚ "ਤਾਂ ਕਿ ਬਾਕੀ ਲੋਕ ਵੀ ਡਰ ਸਕਣ [φόβος, *ਫੋਬੋਸ*]।" ਕੁਝ ਲੋਕਾਂ ਦਾ ਮੰਨਣਾ ਹੈ ਕਿ ਪਰਮੇਸ਼ੁਰ ਦੇ ਬੱਚੇ ਨੂੰ ਪ੍ਰੇਰਿਤ ਕਰਨ ਵਿਚ ਡਰ ਦਾ ਕੋਈ ਸਥਾਨ ਨਹੀਂ ਹੈ, ਪਰ ਪੌਲੁਸ ਆਪਣੇ ਆਪ ਦੇ ਲਈ ਅਤੇ ਹੋਰਨਾਂ ਦੇ ਵਿਸ਼ੇ ਵਿਚ "ਡਰ" ਸ਼ਬਦ ਦਾ ਇਸਤੇਮਾਲ ਕਰਨ ਤੋਂ ਸੰਕੋਚ ਨਹੀਂ ਕਰਦਾ ਸੀ (2 ਕੁਰਿੰਥੀਆਂ 5:11; 7:1; ਅਫ਼ਸੀਆਂ 5:21)। ਸਾਕਾਰਤਾਮਕ ਪ੍ਰੇਰਣਾ ਨੂੰ (ਜਿਵੇਂ ਪ੍ਰੇਮ) ਸਦਾ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ; ਪਰ ਜਦੋਂ ਇਹ ਅਸਫਲ ਹੋ ਜਾਂਦੇ ਹਨ, ਤਾਂ ਨਾਕਾਰਾਤਮਕ ਪ੍ਰੇਰਣਾ (ਜਿਵੇਂ ਡਰ ਨੂੰ ਪੈਦਾ ਕਰਨ ਵਾਲੀ ਇੱਕ ਝਿੜਕ) ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਡੇ ਕੰਮਾਂ ਦਾ ਪ੍ਰਤਿਫਲ ਮਿਲੇਗਾ। ਪੌਲੁਸ ਦੇ ਮਨ ਵਿਚ ਇੱਕ ਕਮਜ਼ੋਰ, ਲੰਗੜਾਉਣ ਵਾਲਾ ਡਰ ਨਹੀਂ ਸੀ ਪਰ ਜੋ ਵਿਲੀਅਮ ਬਾਰਕਲੇ ਨੇ ਕਿਹਾ ਸੀ "ਇੱਕ ਤੰਦਰੁਸਤ ਡਰ।"[19] ਸਾੜੇ ਜਾਣ ਦਾ ਇੱਕ ਮਜ਼ਬੂਤ ਡਰ ਸਾਨੂੰ ਅੱਗ ਤੋਂ ਸਹੀ ਦੂਰੀ ਰੱਖਣ ਵਿਚ ਮਦਦ ਕਰੇਗਾ, ਅਤੇ ਅਣਆਗਿਆਕਾਰੀ ਦੇ ਤੁਰੰਤ ਮਿਲਣ ਵਾਲੇ ਪਰਿਣਾਮ ਅਤੇ ਅਨੰਤ ਨਤੀਜੇ ਪਾਪ ਦੇ ਲਈ ਇੱਕ ਮਜ਼ਬੂਤ ਰੁਕਾਵਟ ਬਣ ਸਕਦਾ ਹੈ।

ਜੇਕਰ ਇੱਕ ਤਾੜਣਾ ਪਾਉਣ ਵਾਲਾ ਵਿਅਕਤੀ ਤੋਬਾ ਕਰਨ ਤੋਂ ਇਨਕਾਰ ਕਰ ਦੇਵੇ ਤਾਂ ਕੀ ਹੋਵੇਗਾ? ਪੌਲੁਸ ਨੇ ਇੱਥੇ ਇਸ ਪ੍ਰਸ਼ਨ ਦਾ ਉੱਤਰ ਨਹੀਂ ਦਿੱਤਾ, ਪਰ ਕਿਸੇ ਹੋਰ ਸਥਾਨ ਤੇ ਉਸ ਨੇ ਇਸ ਦਾ ਉੱਤਰ ਦਿੱਤਾ ਸੀ। ਉਸ ਨੇ ਕੁਰਿੰਥੁਸ ਵਿਚਲੀ ਕਲੀਸੀਆ ਨੂੰ ਕਿਹਾ ਕਿ ਉਹ ਇੱਕ ਪਾਪ ਕਰਨ ਵਾਲੇ ਭਾਈ ਨੂੰ ਆਪਣੀ ਸੰਗਤੀ ਤੋਂ ਬਾਹਰ ਕੱਢ ਦੇਣ (ਵੇਖੋ 1 ਕੁਰਿੰਥੀਆਂ 5:4, 5, 11)। ਇਸ ਤੋਂ ਪਹਿਲਾਂ 1 ਤਿਮੋਥਿਉਸ ਵਿਚ, ਪੌਲੁਸ ਨੇ ਇਸ ਕੰਮ ਨੂੰ ਕਿਸੇ ਨੂੰ ਸ਼ਤਾਨ ਦੇ ਹੱਥ ਵਿਚ ਸੌਂਪਣ ਦੇ ਰੂਪ ਵਿਚ ਵਿਖਾਇਆ ਸੀ (1:20)। ਤੀਤੁਸ ਦੀ ਇਸ ਪੱਤ੍ਰੀ ਵਿਚ, ਪੌਲੁਸ ਨੇ ਆਪਣੇ ਸੰਗੀ ਕਰਮਚਾਰੀਆਂ ਨੂੰ ਕਿਹਾ ਕਿ "ਜਿਹੜਾ ਮਨੁੱਖ ਕੁਪੰਥੀ ਹੋਵੇ ਇੱਕ ਦੋ ਵਾਰੀ ਉਹ ਨੂੰ ਮੱਤ ਦੇ ਕੇ ਉਸ ਤੋਂ ਪਰੇ ਰਹੁ" (ਤੀਤੁਸ 3:10)।

ਜਨਤਕ ਤੌਰ ਤੇ ਕੱਢਿਆ ਜਾਣਾ ਇੱਕ ਦੁਖ ਦਾ ਸਮਾਂ ਹੁੰਦਾ ਹੈ, ਪਰ ਇਹ ਮਹੱਤਵਪੂਰਣ ਹੈ ਕਿ ਕਲੀਸੀਆ ਕਦੀ ਵੀ ਇਸ ਭਾਵਨਾ ਨੂੰ ਨਹੀਂ ਛੱਡੇ ਕਿ ਉਹ ਪਾਪ ਨੂੰ ਸਵੀਕਾਰ ਨਹੀਂ ਕਰੇਗਾ। ਡੋਨਾਲਡ ਗੁਥਰੀ ਨੇ ਵੇਖਿਆ, "ਅਨੁਸ਼ਾਸ਼ਨ ਦੀ ਦੁਰਵਰਤੋਂ ਅਕਸਰ ਇੱਕ ਕਠੋਰ ਅਤੇ ਅਸਹਿਣਸ਼ੀਲ ਮਨ ਵੱਲ ਲੈ ਜਾਂਦੀ ਹੈ, ਪਰ ਇਸ ਨੂੰ ਨਜ਼ਰਅੰਦਾਜ਼ ਕਰਨਾ ਇੱਕ ਬਹੁਤ ਵੱਡੇ ਖਤਰੇ ਨੂੰ ਪੈਦਾ ਕਰਦਾ ਹੈ।"[20] ਡੇਵਿਡ ਲਿਪਸਕਾਮ ਨੇ ਚੇਤਾਵਨੀ ਦਿੱਤੀ,

> ਜਦੋਂ ਅਸੀਂ ਕਲੀਸੀਆ ਵਿਚ ਪਾਪਾਂ ਤੇ ਪੜਦੇ ਪਾਉਂਦੇ ਹਾਂ, ਤਾਂ ਅਸੀਂ ਕਲੀਸੀਆ ਦੀ ਨੈਤਿਕਤਾ

ਅਤੇ ਸਦਭਾਵਨਾ ਨੂੰ ਭਰਿਸ਼ਟ ਕਰਦੇ ਹਾਂ ਅਤੇ ਪਰਮੇਸ਼ੁਰ ਦਾ ਆਦਰ ਕਰਨ ਜਾਂ ਲੋਕਾਂ ਨੂੰ ਬਚਾਉਣ ਦੇ ਆਪਣੇ ਪ੍ਰਭਾਵ ਨੂੰ ਨਾਸ ਕਰਦੇ ਹਾਂ। ਬੁਰੇ ਸਿੱਖਿਅਕਾਂ ਅਤੇ ਬੁਰੇ ਲੋਕਾਂ ਨੂੰ ਕਲੀਸੀਆ ਵਿਚੋਂ ਕੱਢਿਆ ਜਾਣਾ ਬਹੁਤ ਹੀ ਜ਼ਰੂਰੀ ਹੈ ਨਹੀਂ ਤਾਂ ਕਲੀਸੀਆ ਭਰਿਸ਼ਟ ਹੋ ਜਾਵੇਗੀ ਅਤੇ ਇਹ ਯਿਸੂ ਮਸੀਹ ਦੀ ਕਲੀਸੀਆ ਦੀ ਬਜਾਇ ਸ਼ਤਾਨ ਦਾ ਸਭਾ ਸਥਾਨ ਬਣ ਜਾਵੇਗਾ।[21]

ਹੁਣ ਤੱਕ, ਅਸੀਂ ਵੇਖਿਆ ਹੈ ਕਿ ਤਿਮੋਥਿਉਸ ਨੂੰ ਐਲਡਰਾਂ ਦੇ ਨਾਲ ਆਦਰ ਅਤੇ ਨਿਰਪੱਖਤਾ ਦੇ ਨਾਲ ਪੇਸ਼ ਆਉਣਾ ਸੀ। ਇਹ ਦੋ ਸ਼ਬਦ – "ਆਦਰ" ਅਤੇ "ਨਿਰਪੱਖਤਾ – ਸਾਰੇ ਰਿਸ਼ਤਿਆਂ ਵਿਚ ਮਹੱਤਵਪੂਰਣ ਕਾਰਕ ਹੁੰਦੇ ਹਨ।" ਬੱਚਿਆਂ ਨੇ ਆਪਣੇ ਮਾਤਾ-ਪਿਤਾ ਦਾ ਆਦਰ ਕਰਨਾ ਹੁੰਦਾ ਹੈ (ਲੇਵੀਆਂ 19:3; 1 ਤਿਮੋਥਿਉਸ 3:4), ਅਤੇ ਮਾਪਿਆਂ ਆਪਣੇ ਬੱਚਿਆਂ ਨੂੰ ਬੁੱਧ ਦੇ ਨਾਲ ਅਨੁਸ਼ਾਸਿਤ ਕਰਨਾ ਹੁੰਦਾ ਹੈ (ਅਫ਼ਸੀਆਂ 6:4)। ਪਤੀਆਂ ਨੂੰ ਆਪਣੀਆਂ ਪਤਨੀਆਂ ਦਾ ਆਦਰ ਕਰਨਾ ਚਾਹੀਦਾ ਹੈ (1 ਪਤਰਸ 3:7), ਅਤੇ ਪਤਨੀਆਂ ਨੂੰ ਆਪਣੇ ਪਤੀਆਂ ਦਾ ਆਦਰ ਕਰਨਾ ਹੁੰਦਾ ਹੈ (ਅਫ਼ਸੀਆਂ 5:33)। ਨੌਕਰਾਂ ਨੂੰ ਆਪਣੇ ਮਾਲਕਾਂ ਦਾ ਆਦਰ ਕਰਨਾ ਚਾਹੀਦਾ ਸੀ (ਅਫ਼ਸੀਆਂ 6:5; 1 ਤਿਮੋਥਿਉਸ 6:1), ਅਤੇ ਮਾਲਕਾਂ ਨੂੰ ਆਪਣੀਆਂ ਨੌਕਰਾਂ ਨਾਲ ਪੱਖਪਾਤ ਰਹਿਤ ਵਰਤਾਵਾ ਕਰਨਾ ਸੀ (ਅਫ਼ਸੀਆਂ 6:9)। ਜਦੋਂ ਅਸੀਂ ਦੂਜਿਆਂ ਨੂੰ ਸਿਖਾਉਂਦੇ ਹਾਂ, ਤਾਂ ਸਾਨੂੰ ਆਦਰ ਦੇ ਨਾਲ ਅਜਿਹਾ ਕਰਨਾ ਚਾਹੀਦਾ ਹੈ (1 ਪਤਰਸ 3:15)। ਪਤਰਸ ਨੇ ਇਸ ਨੂੰ ਇਸ ਤਰ੍ਹਾਂ ਲਿਖਿਆ: "ਸਭਨਾਂ ਦਾ ਆਦਰ ਕਰੋ" (1 ਪਤਰਸ 2:17; NIV; ਵੇਖੋ ਰੋਮੀਆਂ 13:7)। ਪਰਮੇਸ਼ੁਰ ਅਜਿਹਾ ਕਰਨ ਵਿਚ ਸਾਡੀ ਮਦਦ ਕਰੇ!

## ਬਿਨਾਂ ਪੱਖ ਕੀਤਿਆਂ (5:21)

**[21]ਮੈਂ ਪਰਮੇਸ਼ੁਰ ਅਤੇ ਮਸੀਹ ਯਿਸੂ ਅਤੇ ਚੁਣਿਆਂ ਹੋਇਆਂ ਦੂਤਾਂ ਨੂੰ ਗਵਾਹ ਕਰ ਕੇ ਤੈਨੂੰ ਤਗੀਦ ਕਰਦਾ ਹਾਂ ਭਈ ਤੂੰ ਪੱਖ ਪਾਤ ਤੋਂ ਬਿਨਾ ਇਨ੍ਹਾਂ ਗੱਲਾਂ ਦੀ ਸੰਭਾਲਣਾ ਕਰ ਅਤੇ ਕਿਸੇ ਕੰਮ ਵਿੱਚ ਰਈ ਨਾ ਕਰ।**

**ਆਇਤ 21.** ਜੇਕਰ ਤਿਮੋਥਿਉਸ ਕੁਝ ਡਰਪੋਕ ਸੀ (ਜਿਵੇਂ ਬਹੁਤ ਸਾਰੇ ਲੋਕ ਵਿਸ਼ਵਾਸ ਕਰਦੇ ਹਨ), ਤਾਂ ਲੋਕਾਂ ਦੇ ਵਿਚਕਾਰ ਕਲੀਸੀਆ ਦੇ ਆਗੂਆਂ ਨੂੰ ਝਿੜਕਣ ਦੀ ਸੰਭਾਵਨਾ ਇੱਕ ਮੁਸ਼ਕਲ ਜ਼ਿੰਮੇਦਾਰੀ ਅਤੇ ਇੱਕ ਭਿਆਨਕ ਕੰਮ ਜਾਪ ਸਕਦਾ ਹੈ। ਸ਼ਾਇਦ ਇਸੇ ਲਈ ਪੌਲੁਸ ਨੇ ਇਸ ਬਿੰਦੂ ਤੇ ਇੱਕ ਗੰਭੀਰ ਹੁਕਮ ਦਿੱਤਾ। ਉਸ ਨੇ ਲਿਖਿਆ, **ਮੈਂ ਪਰਮੇਸ਼ੁਰ ਅਤੇ ਮਸੀਹ ਯਿਸੂ ਅਤੇ ਚੁਣਿਆਂ ਹੋਇਆਂ ਦੂਤਾਂ ਨੂੰ ਗਵਾਹ ਕਰ ਕੇ ਤੈਨੂੰ ਤਗੀਦ**[22] **ਕਰਦਾ ਹਾਂ ਭਈ ਤੂੰ ਪੱਖ ਪਾਤ ਤੋਂ ਬਿਨਾ ਇਨ੍ਹਾਂ ਗੱਲਾਂ ਦੀ ਸੰਭਾਲਣਾ ਕਰ।** ਪੌਲੁਸ ਨੇ ਅਕਸਰ ਆਪਣੇ ਹੁਕਮਾਂ ਵਿਚ ਪਰਮੇਸ਼ੁਰ ਅਤੇ ਮਸੀਹ ਦੇ ਨਾਮ ਦੀ ਵਰਤੋਂ ਕੀਤੀ (ਉਦਾਹਰਣ ਦੇ ਲਈ, 6:13; 2 ਤਿਮੋਥਿਉਸ 4:1), ਪਰ ਦੂਤਾਂ ਨੂੰ ਸ਼ਾਮਲ ਕਰਨਾ ਅਸਧਾਰਣ ਸੀ। "ਚੁਣਿਆਂ[23] ਹੋਇਆਂ ਦੂਤਾਂ" ਸ਼ਾਇਦ ਬੁਰੇ ਦੂਤਾਂ ਦੇ ਉਲਟ, ਚੰਗੇ ਦੂਤ ਹਨ (ਵੇਖੋ 2 ਪਤਰਸ 2:4; ਯਹੂਦਾਹ 6)। ਪੌਲੁਸ ਨੇ ਸ਼ਾਇਦ ਇਸ ਲਈ ਸਵਰਗਦੂਤਾਂ ਦਾ ਉਲੇਖ ਕੀਤਾ ਹੋਵੇਗਾ ਕਿਉਂਕਿ ਉਹ ਸਾਡੀ ਪਰਵਾਹ ਕਰਦੇ ਹਨ (ਇਬਰਾਨੀਆਂ 1:14) ਅਤੇ ਜੋ ਅਸੀਂ ਕਰਦੇ ਹਾਂ ਉਸ ਨੂੰ ਜਾਣਦੇ ਹਨ (1 ਕੁਰਿੰਥੀਆਂ 4:9), ਜਾਂ ਸ਼ਾਇਦ ਉਸ ਨੇ ਆਪਣੇ ਹੁਕਮਾਂ ਨੂੰ ਹੋਰ ਵੀ ਵਜਨਦਾਰ ਬਣਾਉਣ ਦੇ ਲਈ ਇਨ੍ਹਾਂ ਨੂੰ ਜੋੜਿਆ ਸੀ।

ਹੁਕਮ ਦਾ ਪਹਿਲਾ ਹਿੱਸਾ ਤਿਮੋਥਿਉਸ ਦੇ ਦੁਆਰਾ ਪੌਲੁਸ ਦੀਆਂ ਹਿਦਾਇਤਾਂ ਨੂੰ ਪੂਰਾ ਕਰਨਾ ਸੀ, ਭਾਵੇਂ ਇਹ ਕੰਮ ਕਿੰਨਾ ਵੀ ਮੁਸ਼ਕਲ ਕਿਉਂ ਨਾ ਹੋਵੇ। ਉਸ ਨੇ ਜਵਾਨ ਪ੍ਰਚਾਰਕ ਨੂੰ ਕਿਹਾ,

"ਇਨ੍ਹਾਂ ਗੱਲਾਂ ਦੀ ਸੰਭਾਲਣਾ ਕਰ।"[24] "ਸੰਭਾਲਣਾ ਕਰ" ਇੱਕ ਸ਼ਬਦ (φυλάσσω, *ਫੁਲਾਸੋ)* ਤੋਂ ਹੈ ਜਿਸ ਦਾ ਅਨੁਵਾਦ ਅਕਸਰ "ਰੱਖਣਾ" ਜਾਂ "ਸੰਭਾਲ"[25] ਕੀਤਾ ਜਾਂਦਾ ਹੈ। ਇਸ ਦਾ ਅਰਥ ਹੈ "ਇੱਕ ਹੁਕਮ ਜਾਂ ਆਗਿਆ[26] ਨੂੰ ਜਾਰੀ ਰੱਖਣਾ।" ESV ਵਿਚ ਹੈ "ਇਨ੍ਹਾਂ ਹੁਕਮਾਂ ਨੂੰ ਮੰਨੋ।"

ਹੁਕਮ ਦਾ ਦੂਜਾ ਹਿੱਸਾ ਹੈ ਹੁਕਮ ਨੂੰ ਖਾਸ ਤਰੀਕੇ ਨਾਲ ਜਾਰੀ ਰੱਖਣਾ। ਪੌਲੁਸ ਨੇ ਤਿਮੋਥਿਉਸ ਨੂੰ ਕਿਹਾ ਕਿ ਉਹ ਉਸ ਵੱਲੋਂ ਦਿੱਤੀਆਂ ਹੋਈਆਂ ਹਿਦਾਇਤਾਂ ਨੂੰ ਮੰਨੇ **ਅਤੇ ਕਿਸੇ ਕੰਮ ਵਿੱਚ ਰਈ ਨਾ ਕਰ**। ਯੂਨਾਨੀ ਸ਼ਬਦ ਜਿਨ੍ਹਾਂ ਦਾ ਅਨੁਵਾਦ "ਪੱਖ ਪਾਤ" ਅਤੇ "ਰਈ" ਕੀਤਾ ਗਿਆ ਹੈ ਉਨ੍ਹਾਂ ਦੇ ਅਰਥ ਸਮਾਨ ਹਨ। "ਰਈ" ਸ਼ਬਦ πρόκριμα *(ਪ੍ਰੋਕੀਮਾ)* ਤੋਂ ਹੈ। ਇਹ προκρίνω *(ਪ੍ਰੋਕ੍ਰੀਨੋ)* ਤੋਂ ਹੈ, ਜੋ πρό (*ਪ੍ਰੋ*, "ਪਹਿਲੇ [ਤੋਂ]") ਅਤੇ κρίνω (*ਕਰੀਨੋ*, "ਨਿਆਂ") ਦਾ ਸੁਮੇਲ ਹੈ ਅਤੇ "ਪੱਖਪਾਤ"[27] ਨਾਲ ਸੰਬੰਧਤ ਹੈ। "ਪੱਖਪਾਤ" πρόσκλισις *(ਪ੍ਰੋਸਕਲਿਸਿਸ)* ਤੋਂ ਹੈ, ਜੋ πρός (*ਪ੍ਰੋਸ*, "ਵੱਲ") ਅਤੇ κλίνω (*ਕਲਿਨੋ*, "ਝੁਕ ਜਾਣਾ") ਤੋਂ ਹੈ ਅਤੇ ਇਸ ਦੀ ਇੱਛਾ ਰੱਖਣ ਦਾ ਵਿਚਾਰ ਦਿੰਦਾ ਹੈ।[28] ਸਾਨੂੰ ਕਈਆਂ ਦੇ *ਵਿਰੁੱਧ* ਪੱਖਪਾਤ ਨਹੀਂ ਕਰਨਾ ਚਾਹੀਦਾ ਜਾਂ ਦੂਜਿਆਂ *ਦੀ* ਰਈ ਨਹੀਂ ਕਰਨੀ ਚਾਹੀਦੀ।[29]

## ਛੇਤੀ ਨਾਲ, 1 (5:22)

**[22]ਕਿਸੇ ਉੱਤੇ ਹੱਥ ਛੇਤੀ ਨਾ ਧਰ, ਨਾ ਹੋਰਨਾਂ ਦੇ ਪਾਪਾਂ ਦਾ ਭਾਗੀ ਬਣ। ਆਪਣੇ ਆਪ ਨੂੰ ਸੁੱਚਾ ਰੱਖ।**

**ਆਇਤ 22.** ਕਿਸੇ ਕਲੀਸੀਆ ਦੇ ਆਗੂ ਨੂੰ ਲੋਕਾਂ ਦੇ ਸਾਹਮਣੇ ਝਿੜਕਣਾ ਇੱਕ ਡਰਾਉਣਾ ਸਮਾਂ ਹੋ ਸਕਦਾ ਹੈ। ਜੇਕ ਇਸ ਨੂੰ ਸਹੀ ਤਰੀਕੇ ਦੇ ਨਾਲ ਨਹੀਂ ਕੀਤਾ ਜਾਂਦਾ, ਤਾਂ ਰੂਹਾਂ ਗੁਆਚ ਸਕਦੀਆਂ ਹਨ ਅਤੇ ਕਲੀਸੀਆ ਦਾ ਵੱਧਣਾ ਕਈਆਂ ਦਹਾਕਿਆਂ ਤੱਕ ਰੁੱਕ ਸੱਕਦਾ ਹੈ। ਇਸ ਘਾਟੇ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਕੋਈ ਅਯੋਗ ਵਿਅਕਤੀ ਪਹਿਲੇ ਸਥਾਨ ਤੇ ਨਿਯੁਕਤ ਨਾ ਕੀਤਾ ਜਾਵੇ। ਅਧਿਆਇ 5 ਦੇ ਆਖਰੀ ਭਾਗ ਦਾ ਸੰਦੇਸ਼ ਇਹੀ ਜਾਪਦਾ ਹੈ। ਪੌਲੁਸ ਨੇ ਤਿਮੋਥਿਉਸ ਨੂੰ ਕਿਹਾ, **ਕਿਸੇ ਉੱਤੇ ਹੱਥ ਛੇਤੀ ਨਾ ਧਰ।** ਇੱਥੇ ਸ਼ਾਇਦ "ਹੱਥ ਧਰ" ਦਾ ਅਥ ਉਹੀ ਹੈ ਜੋ 4:14 ਵਿਚ ਸੀ: ਹੱਥ ਰੱਖਣ[30] ਦੇ ਦੁਆਰਾ ਕਿਸੇ ਵਿਅਕਤੀ ਨੂੰ ਇੱਕ ਪਦ ਤੇ ਨਿਯੁਕਤ ਕਰਨਾ। NRSV ਵਿਚ ਹੈ "ਛੇਤੀ ਨਾਲ ਕਿਸੇ ਨੂੰ ਨਿਯੁਕਤ ਨਾ ਕਰ।"

ਤਿਮੋਥਿਉਸ ਦੀ "ਹੱਥ ਧਰਨ" ਦੀ ਜ਼ਿੰਮੇਵਾਰੀ ਤੀਤੁਸ ਦੇ ਦੁਆਰਾ ਐਲਡਰਾਂ ਨੂੰ ਨਿਯੁਕਤ ਕਰਨ ਦੇ ਨਾਲ ਤੁਲਨਾ ਕਰਨ ਯੋਗ ਹੈ (ਤੀਤੁਸ 1:5)। ਨੌਜਵਾਨ ਪ੍ਰਚਾਰਕਾਂ ਨੂੰ ਨਿਰਦੇਸ਼ ਦਿੱਤੇ ਗਏ ਸ਼ਬਦਾਂ ਵਿਚੋਂ ਕੋਈ ਵੀ ਉਨ੍ਹਾਂ ਨੂੰ ਪੁਰਖਾਂ ਦੀ ਚੋਣ ਕਰਨ ਦਾ ਅਧਿਕਾਰ ਨਹੀਂ ਦਿੰਦਾ ਹੈ।[31] ਇੱਥੋਂ ਤੱਕ ਕਿ ਰਸੂਲਾਂ ਨੇ ਪਹਿਲੇ "ਡੀਕਨਾਂ (ਸੇਵਾਦਾਰਾਂ)" ਨੂੰ ਵੀ ਨਹੀਂ ਚੁਣਿਆ ਸੀ, ਸਗੋਂ ਇਹ ਯੋਗਤਾਵਾਂ ਕਲੀਸੀਆ ਨੂੰ ਦੇ ਦਿੱਤੀਆਂ ਸਨ ਅਤੇ ਚੋਣ ਕਰਨ ਦਿੱਤੀ ਸੀ (ਰਸੂਲਾਂ 6:1-3)। ਪਰ, ਹਿਦਾਇਤਾਂ, ਇਹ ਸੰਕੇਤ ਕਰਦੀਆਂ ਹਨ ਕਿ ਪ੍ਰਚਾਰਕਾਂ ਨੂੰ ਵਿਕਾਸਸ਼ੀਲ ਆਗੂਆਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਉਹ ਨਿਯੁਕਤੀ ਸਮਾਗਮ ਵਿਚ ਹਿੱਸਾ ਲੈ ਸਕਦੇ ਹੋ।

ਪਰ, ਪੌਲੁਸ ਨੇ ਤਿਮੋਥਿਉਸ ਨੂੰ ਚੇਤਾਵਨੀ ਦਿੱਤੀ ਕਿ ਉਹ ਛੇਤੀ ਨਾਲ ਹੋਰ ਐਲਡਰਾਂ ਨੂੰ ਨਿਯੁਕਤ ਨਾ ਕਰੇ। ਇਹ ਚੇਤਾਵਨੀ ਖਾਸ ਤੌਰ ਤੇ ਉਨ੍ਹਾਂ ਦੇ ਲਈ ਜ਼ਰੂਰੀ ਸੀ ਜਿਨ੍ਹਾਂ ਨੇ ਨਵੀਂਆਂ ਕਲੀਸੀਆਵਾਂ ਸ਼ੁਰੂ ਕੀਤੀਆਂ ਸਨ। ਉਨ੍ਹਾਂ ਦੇ ਅੰਦਰ ਜਲਦੀ ਤੋਂ ਜਲਦੀ ਇੱਕ "ਪੂਰੀ ਤਰ੍ਹਾਂ ਨਾਲ ਸੰਗਠਿਤ" ਕਲੀਸੀਆ ਨੂੰ ਵੇਖਣ ਦੀ ਇੱਛਾ ਹੋ ਸਕਦੀ ਹੈ। ਕਈ ਲੋਕ ਇਸ ਪ੍ਰਕਿਰਿਆ ਨੂੰ ਜਲਦੀ

ਜਲਦੀ ਕਰਦੇ ਹਨ ਤਾਂ ਕਿ ਉਹ ਕਲੀਸੀਆ ਨੂੰ ਐਲਡਰਾਂ ਦੇ ਹੱਥਾਂ ਵਿਚ ਸੌਂਪ ਕੇ ਅੱਗੇ ਵੱਧਣ ਤਾਂ ਕਿ ਹੋਰ ਨਵੇਂ ਕੰਮ ਨੂੰ ਸ਼ੁਰੂ ਕਰਨ ਲਈ ਅੱਗੇ ਵੱਧਣ। ਪੌਲੁਸ ਨੇ ਕਿਹਾ ਕਿ ਜੇਕਰ ਅਸੀਂ "ਕਿਸੇ ਉੱਤੇ ਹੱਥ ਛੇਤੀ," ਤਾਂ **ਹੋਰਨਾਂ ਦੇ ਪਾਪਾਂ ਦਾ ਭਾਗੀ ਬਣ।** ਹੋਰਨਾਂ ਸ਼ਬਦਾਂ ਵਿਚ, ਜੇਕਰ ਅਸੀਂ ਅਯੋਗ ਲੋਕਾਂ ਨੂੰ ਐਲਡਰਾਂ ਦਾ ਹਿੱਸਾ ਬਣਾਉਣ ਦੀ ਇਜਾਜ਼ਤ ਦੇਣ ਲਈ ਜ਼ਿੰਮੇਵਾਰ ਹਾਂ, ਤਾਂ ਅਸੀਂ ਉਨ੍ਹਾਂ ਦੇ ਕਾਰਣ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਵੀ ਸਾਂਝੀ ਹੁੰਦੇ ਹਾਂ।

ਪੌਲੁਸ ਨੇ ਤਿਮੋਥਿਉਸ ਨੂੰ ਸਲਾਹ ਦਿੱਤੀ, **ਆਪਣੇ ਆਪ ਨੂੰ ਸੁੱਚਾ ਰੱਖ।** "ਸੁੱਚਾ ਰੱਖ" ਸ਼ਬਦ "ਸ਼ੁੱਧ" (ἁγνός, *ਹੈਗਨੋਸ)*[32] ਤੋਂ ਹੈ। ਤਿਮੋਥਿਉਸ ਦੇ ਕੋਲ ਆਪਣੇ ਆਪ ਨੂੰ ਸ਼ੁੱਧ ਰੱਖਣ ਦਾ ਇੱਕ ਤਰੀਕਾ ਸੀ ਕਿ ਉਹ ਐਲਡਰਾਂ ਨੂੰ ਚੁਣਨ ਅਤੇ ਨਿਯੁਕਤ ਕਰਨ ਤੋਂ ਬਚੇ।

## ਇੱਕ ਵਿਅਕਤੀਗਤ ਟਿੱਪਣੀ (5:23)

**23ਅਗਾਹਾਂ ਨੂੰ ਨਿਰਾ ਪਾਣੀ ਨਾ ਪੀਆ ਕਰ ਪਰ ਹਾਜ਼ਮੇ ਲਈ ਅਤੇ ਆਪਣੀਆਂ ਬਹੁਤੀਆਂ ਮਾਂਦਗੀਆਂ ਦੇ ਕਾਰਨ ਥੋੜੀ ਜਿਹੀ ਮੈ ਵਰਤ ਲਿਆ ਕਰ।**

**ਆਇਤ 23.** ਇਹ ਸਾਨੂੰ ਇੱਕ ਅਚੰਭੇ ਵਾਲੀ ਆਇਤ ਵਿਚ ਲਿਆਉਂਦਾ ਹੈ: **ਅਗਾਹਾਂ ਨੂੰ ਨਿਰਾ**[33] **ਪਾਣੀ ਨਾ ਪੀਆ ਕਰ ਪਰ ਹਾਜ਼ਮੇ ਲਈ ਅਤੇ ਆਪਣੀਆਂ ਬਹੁਤੀਆਂ ਮਾਂਦਗੀਆਂ ਦੇ ਕਾਰਨ ਥੋੜੀ ਜਿਹੀ ਮੈ ਵਰਤ ਲਿਆ ਕਰ।** ਗਾਰਡਨ ਡੀ. ਫੀ ਨੇ ਇਸ ਆਇਤ ਨੂੰ "ਇੱਕ ਵੱਡੀ ਉਲਝਣ" ਕਿਹਾ ਹੈ।"[34] ਜੇਮਸ ਮਾਫਟ ਨੇ ਇਸ ਨੂੰ ਆਪਣੇ ਅਨੁਵਾਦ ਵਿਚੋਂ ਲੋਪ ਕਰ ਦਿੱਤਾ ਹੈ।[35] ਪੁੱਛੇ ਗਏ ਪ੍ਰਸ਼ਨਾਂ ਵਿਚ ਇਹ ਸ਼ਾਮਲ ਹਨ: "ਪੌਲੁਸ ਨੂੰ ਕਿਹੜੀ ਚੀਜ਼ ਨੇ ਪ੍ਰੇਰਿਤ ਕੀਤਾ ਸੀ ਕਿ ਉਹ ਇਹ ਸ਼ਬਦ ਠੀਕ ਇੱਥੇ ਪਾਵੇ?" ਅਤੇ "ਇਹ ਆਇਤ ਆਪਣੇ ਅੱਗੇ ਅਤੇ ਪਿੱਛੇ ਦੀਆਂ ਆਇਤਾਂ ਨਾਲ ਕਿਵੇਂ ਸੰਬੰਧ ਰੱਖਦੀ ਹੈ?" ਡਾੱਨ ਡੀਵੇਲਟ ਨੇ ਨੋਟ ਕੀਤਾ, "ਪ੍ਰਸੰਗ ਦੇ ਨਾਲ ਇਸ ਦੇ ਸੰਬੰਧ ਨੂੰ ਦਰਸਾਉਣ ਦੇ ਲਈ ਟਿੱਪਣੀਕਾਰ ਲਗਭਗ ਪੂਰੀ ਤਰ੍ਹਾਂ ਦੇ ਨਾਲ ਨੁਕਸਾਨਦੇਹ ਹਨ।"[36]

ਸ਼ਾਇਦ 5:22 ਵਿਚ ਤਿਮੋਥਿਉਸ ਦੇ ਲਈ ਪੌਲੁਸ ਦੇ ਆਪਣੇ ਆਪ ਨੂੰ ਸ਼ੁੱਧ ਰੱਖਣ ਦੇ ਇਸ ਨੋਟ ਨੇ ਉਸ ਨੂੰ ਪ੍ਰੇਰਿਤ ਕੀਤਾ ਕਿ ਉਹ ਨੌਜਵਾਨ ਪ੍ਰਚਾਰਕ ਨੂੰ ਆਪਣੇ ਆਪ ਨੂੰ *ਤੰਦਰੁਸਤ* ਰੱਖਣ ਦੀ ਸਲਾਹ ਵੀ ਦੇਵੇ – ਇਸ ਲਈ ਉਸ ਨੇ ਉਸ ਨੂੰ ਡਾਕਟਰੀ ਸਲਾਹ ਵੀ ਦਿੱਤੀ। ਇਹ ਵੀ ਸੰਭਵ ਹੈ ਕਿ, ਜਦੋਂ ਪੌਲੁਸ ਨੇ ਤਿਮੋਥਿਉਸ ਦੀਆਂ ਜ਼ਿੰਮੇਵਾਰੀਆਂ ਨੂੰ ਰੇਖਾਬੱਧ ਕੀਤਾ, ਤਾਂ ਇਸ ਗੱਲ ਨੇ ਉਸ ਨੂੰ ਠੇਸ ਪਹੁਚਾਈ ਕਿ ਨੌਜਵਾਨ ਤਿਮੋਥਿਉਸ ਦੇ ਲਈ ਇਹ ਸਭ ਕੁਝ ਕਿੰਨਾ ਮੁਸ਼ਕਲ ਹੋਵੇਗਾ, ਜਿਸ ਦਾ ਪੇਟ ਬੜੀ ਛੇਤੀ ਖਰਾਬ ਹੋ ਜਾਂਦਾ ਸੀ, ਇਸ ਲਈ ਉਸ ਨੇ ਇਹ ਵਿਵਹਾਰਿਕ ਨੋਟ ਇਸ ਵਿਚ ਪਾਇਆ। ਸ਼ਾਇਦ, ਇਹ ਆਮ ਗੱਲ ਹੈ ਜੋ ਇੱਕ ਵਿਅਕਤੀਗਤ ਪੱਤ੍ਰੀ ਵਿਚ ਹੁੰਦੀ ਹੈ। ਜਦੋਂ ਉਹ ਚਿੱਠੀ ਲਿਖਵਾ ਰਿਹਾ ਸੀ, ਤਾਂ ਅਚਾਨਕ ਉਸ ਦੇ ਮਨ ਵਿਚ ਕੁਝ ਆਇਆ ਜੋ ਉਹ ਤਿਮੋਥਿਉਸ ਨੂੰ ਕਹਿਣਾ ਚਾਹੁੰਦਾ ਸੀ – ਇਸ ਲਈ ਉਸ ਨੇ ਉਸ ਨੂੰ ਕਹਿ ਦਿੱਤਾ। ਅਜਿਹਾ ਕਰਨ ਤੋਂ ਬਾਅਦ, ਉਸ ਨੇ ਆਪਣੇ ਵਿਚਾਰਾਂ ਦੀ ਰੇਖਾ ਸ਼ੁਰੂ ਕੀਤੀ।

ਅਪੋਲੋਜਿਸਟ ਵਿਲੀਅਮ ਪੈਲੇ ਨੇ ਇਸ ਹਵਾਲੇ ਨੂੰ ਇਸ ਪੱਤ੍ਰੀ ਦੇ ਅਸਲੀ ਹੋਣ ਦੇ ਇੱਕ ਸੱਚੇ ਸਬੂਤ ਵਜੋਂ ਦਰਸਾਇਆ।[37] ਐੱਚ. ਡੀ. ਐਮ. ਉਹੀ ਬਿੰਦੂ ਬਣਾਉਣ ਦੇ ਲਈ ਆਇਤ 23 ਦਾ ਇਸਤੇਮਾਲ ਕੀਤਾ:

> ਉਹ ਲੋਕ ਜੋ ਦਲੀਲ ਦਿੰਦੇ ਹਨ ਕਿ ਇਹ ਪੱਤ੍ਰੀ ਸੰਤ ਪੌਲੁਸ ਤੋਂ ਬਾਅਦ ਦੇ ਇੱਕ ਯੁੱਗ ਦੀ ਨਕਲੀ ਰਚਨਾ ਸੀ ... ਉਨ੍ਹਾਂ ਦੇ ਲਈ ਇਸ ਤਰ੍ਹਾਂ ਦਾ ਇੱਕ ਹੁਕਮ ਹੋਣ ਦੇ ਨਾਲ ਲੇਖਾ ਜੋਖਾ ਕਰਨ ਵਿਚ

ਕੋਈ ਮੁਸ਼ਕਲ ਨਹੀਂ ਆਵੇਗੀ। ਅਸਲ ਵਿਚ, ਇਹ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਇਹ ਚਿੱਠੀ ਸੱਚਮੁੱਚ ਸੰਤ ਪੌਲੁਸ ਦੇ ਦੁਆਰਾ ਤਿਮੋਥਿਉਸ ਨੂੰ ਲਿਖੀ ਗਈ ਸੀ। ... ਦੂਸਰੀ ਜਾਂ ਤੀਸਰੀ ਸ਼ਤਾਬਦੀ ਦਾ ਕੋਈ ਵੀ ਜਾਲਸਾਜ ਸੁਪਨਾ ਵੇਖੇਗਾ ਜਾਂ ਉਸ ਨੇ ਸੁਪਨਾ ਵੇਖਿਆ ਸੀ, ਕਿ ਉਹ ਇਸ ਤਰ੍ਹਾਂ ਦੀ ਇੱਕ ਪੱਤ੍ਰੀ ਵਿਚ ਇਸ ਤਰ੍ਹਾਂ ਦੀ ਜਟਿਲ ਟੇਪੇਸਟ੍ਰੀ ਵਿਚ ਬੁਣਾਈ ਕਰਨ ਦੀ ਹਿੰਮਤ ਕੀਤੀ ਹੋਵੇਗੀ।[38]

ਆਇਤ 23 ਵਿਚ ਤਿਮੋਥਿਉਸ ਦੇ ਵਿਸ਼ੇ ਵਿਚ ਵਰਣਨ ਹੈ ਜੋ ਸਾਨੂੰ ਹੋਰ ਕਿਤੇ ਵੀ ਨਹੀਂ ਮਿਲਦਾ ਹੈ। ਸਭ ਤੋਂ ਪਹਿਲਾਂ, ਅਸੀਂ ਇਹ ਸਿੱਖਦੇ ਹਾਂ ਕਿ ਉਸ ਨੂੰ ਸਰੀਰਕ ਪਰੇਸ਼ਾਨੀ ਸੀ: ਪੇਟ ਦੀ ਸਮੱਸਿਆ ਅਤੇ ਹੋਰ ਬੀਮਾਰੀਆਂ।[39] ਜਦੋਂ ਅਸੀਂ ਯਾਦ ਕਰਦੇ ਹਾਂ ਕਿ ਪੌਲੁਸ ਖੁਦ ਵੀ ਇੱਕ ਸਰੀਰਕ ਰੋਗ ਤੋਂ ਦੁਖੀ ਸੀ ਜਿਸ ਨੂੰ ਉਸ ਨੇ "ਸਰੀਰ ਵਿੱਚ ਇੱਕ ਕੰਡਾ ਚੋਭਿਆ ਗਿਆ" ਕਿਹਾ (2 ਕੁਰਿੰਥੀਆਂ 12:7), ਅਸੀਂ ਇਸ ਤੋਂ ਵੱਧ ਕੇ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਾਂ ਕਿ ਉਸ ਦੇ ਅਤੇ ਉਸ ਦੀ ਟੀਮ ਦੇ ਨਾਲ ਇੱਕ ਸੰਗੀ ਯਾਤਰੀ ਦੇ ਰੂਪ ਵਿਚ ਡਾ. ਲੂਕਾ ਹੁੰਦਾ ਦੇ ਨਾਲ ਸੀ।

ਦੂਸਰਾ, ਅਸੀਂ ਸਿੱਖਦੇ ਹਾਂ ਕਿ ਤਿਮੋਥਿਉਸ ਇੱਕ ਪੂਰਣ ਅਲਕੋਹਲ ਵਾਲੇ ਪੀਣ ਦੇ ਪਦਾਰਥਾਂ ਤੋਂ ਇਕਦਮ ਪਰਹੇਜ਼ ਕਰਦਾ ਸੀ। ਕੁਝ ਲੇਖਕ ਟਿੱਪਣੀ ਕਰਦੇ ਹਨ ਕਿ ਰਹੱਸਵਾਦੀਆਂ ਨੇ ਤਿਮੋਥਿਉਸ ਦੇ ਉੱਤੇ ਅਲਕੋਹਲ ਦਾ ਪੀਣ ਵਾਲਾ ਹੋਣ ਦਾ ਦੋਸ਼ ਲਾਇਆ (ਵੇਖੋ ਕੁਲੁੱਸੀਆਂ 2:20-23)। ਦੂਸਰੇ ਕਹਿੰਦੇ ਹਨ ਕਿ ਉਸ ਦਾ ਪਿਤਾ ਇੱਕ ਯੂਨਾਨੀ ਸੀ ਇਸ ਲਈ ਉਸ ਨੇ ਯੂਨਾਨੀ ਸਟੀਵਵਾਦ ਨੂੰ ਚੁੱਕਿਆ ਸੀ (ਵੇਖੋ ਰਸੂਲਾਂ ਦੇ ਕਰਤੱਬ 16:1)। ਇਸ ਤੋਂ ਵੱਧ ਸੰਭਾਵਨਾ ਹੈ ਕਿ ਉਹ ਵਚਨ ਦੀਆਂ ਉਦਾਹਰਣਾਂ ਤੋਂ ਪ੍ਰਭਾਵਿਤ ਸੀ। ਉਦਾਹਰਣ ਦੇ ਤੌਰ ਤੇ, ਡੇਰੇ ਵਿਚ ਸੇਵਾ ਕਰਨ ਦੇ ਸਮੇਂ ਜਾਜਕ "ਕੋਈ ਮਧ ਯਾ ਨਸ਼ਾ ਨਾ ਪੀਣਾ [ਨਹੀਂ ਪੀਂਦੇ ਸਨ]" (ਲੇਵੀਆਂ 10:8-11)। ਉਹ ਲੋਕ ਜੋ ਨਜ਼ੀਰ ਦੀ ਸੁੱਖਣਾ ਸੁੱਖ ਦੇ ਸਨ ਉਹ "ਮਧ ਤੋਂ ਅਰ ਸ਼ਰਾਬ ਤੋਂ" ਜਾਂ "ਜਿਹੜਾ ਦਾਖ ਤੋਂ ਬਣਿਆ ਹੋਵੇ ਬੀ ਤੋਂ ਲੈਕੇ ਛਿੱਲ ਤੀਕ" ਨਾ ਖਾਵੇ (ਗਿਣਤੀ 6:1-4)। ਇਸ ਵਿਚ ਯਿਸੂ ਦਾ ਅਗਰਦੂਤ, ਯੂਹੰਨਾ ਬਪਤਿਸਮਾ ਦੇਣ ਵਾਲਾ ਵੀ ਸ਼ਾਮਲ ਸੀ (ਲੂਕਾ 1:12-15)।[40]

ਪੌਲੁਸ ਨੇ ਤਿਮੋਥਿਉਸ ਨੂੰ ਇਹ ਹੁਕਮ ਨਹੀਂ ਦਿੱਤਾ ਕਿ ਉਹ ਸਮਾਜਿਕ ਤੌਰ ਤੇ ਪੀਣ ਤੋਂ ਪਰਹੇਜ਼ ਕਰਨਾ ਛੱਡ ਦੇਵੇ, ਪਰ ਉਸ ਨੂੰ ਸਲਾਹ ਦਿੱਤੀ ਕਿ ਉਹ ਦਵਾਈ ਦੇ ਤੌਰ ਤੇ ਥੋੜੀ ਜਿਹੀ ਸ਼ਰਾਬ ਪੀ ਲਿਆ ਕਰੇ।[41] ਸ਼ਾਇਦ ਅਸ਼ੁੱਧ ਪਾਣੀ ਤਿਮੋਥਿਉਸ ਦੀਆਂ ਪੇਟ ਦੀਆਂ ਸਮੱਸਿਆਵਾਂ ਦਾ ਕਾਰਣ ਸੀ। ਅਜਿਹਾ ਹੋਣ ਦੀ ਸੂਰਤ ਵਿਚ, ਸ਼ਰਾਬ ਪਾਣੀ ਦੀਆਂ ਅਸ਼ੁੱਧੀਆਂ ਨੂੰ ਸਾਫ ਕਰੇਗੀ। ਸ਼ਰਾਬ ਵਿਚ ਦਵਾਈ ਦੇ ਗੁਣ ਹੁੰਦੇ ਹਨ। "ਗਲੇਨ, ਇੱਕ ਯੂਨਾਨੀ ਡਾਕਟਰ, ਪੇਟ ਦੀ ਸਮੱਸਿਆ ਦੇ ਲਈ ਖੱਟੀ ਸ਼ਰਾਬ ਨੂੰ ਦਵਾਈ ਦੇ ਰੂਪ ਵਿਚ ਲੈਣ ਦਾ ਨੁਸਖਾ ਦੱਸਿਆ ਹੈ।"[42] ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਇੱਕ ਵਿਸ਼ੇਸ਼ ਬੀਮਾਰੀ (ਖਾਸ ਤੌਰ ਤੇ ਪੇਟ ਦੀ ਸਮੱਸਿਆ) ਦੇ ਲਈ ਇੱਕ ਖਾਸ ਵਿਅਕਤੀ ਨੂੰ (ਪ੍ਰੇਰਣਾ ਪ੍ਰਾਪਤ) ਸਲਾਹ ਹੈ। ਤਿਮੋਥਿਉਸ ਦੇ ਲਈ ਪੌਲੁਸ ਦੇ ਬਿਆਨ ਨੂੰ ਇੱਕ ਵਿਸ਼ਵਵਿਆਪੀ ਸਲਾਹ ਦੇ ਰੂਪ ਵਿਚ ਨਹੀਂ ਲੈਣਾ ਕਿ ਚੰਗੀ ਸਿਹਤ ਦੇ ਲਈ ਸਾਰਿਆਂ ਨੂੰ ਸ਼ਰਾਬ ਪੀਣੀ ਚਾਹੀਦੀ ਹੈ।

ਆਇਤ 23 ਨੂੰ ਐਲਡਰਾਂ ਦੇ ਨਾਲ ਵਿਹਾਰ ਕਰਨ ਦੇ ਵਿਸ਼ੇ ਨਾਲ ਜੋੜਣ ਦਾ ਇਕ ਹੋਰ ਤਰੀਕਾ ਹੈ ਕਿ 1 ਤਿਮੋਥਿਉਸ ਦੇ ਇੱਕ ਹੋਰ ਵਿਸ਼ੇ ਤੇ ਧਿਆਨ ਦੇਣਾ: ਦੂਸਰਿਆਂ ਦੇ ਨਾਲ ਵਿਹਾਰ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਆਪ ਦਾ ਧਿਆਨ ਰੱਖਣਾ ਚਾਹੀਦਾ ਹੈ (ਵੇਖੋ 4:16)। "ਸੇਵਕਾਈ ਕਰਨ ਵਾਲੇ ਲੋਕ ਸੰਪੂਰਣ ਪ੍ਰਾਣੀਆਂ ਦੇ ਰੂਪ ਵਿਚ ਕੰਮ ਕਰਦੇ ਹਨ, ਅਤੇ ... ਮਾਨਸਿਕ, ਆਤਮਿਕ, ਅਤੇ ਸਰੀਰਕ ਖੇਤਰਾਂ ਵਿਚ ਪ੍ਰਭਾਵਸ਼ੀਲਤਾ ਤੇ ਆਪਣਾ ਟੋਲ ਲੈਂਦੇ ਹਨ।"[43]

# ਜਲਦਬਾਜੀ ਤੋਂ ਬਿਨਾਂ, 2 (5:24, 25)

**[24]ਕਈ ਮਨੁੱਖਾਂ ਦੇ ਪਾਪ ਪਰਤੱਖ ਹਨ ਅਤੇ ਅਦਾਲਤ ਵਿੱਚ ਅੱਗੇ ਹੀ ਜਾਂਦੇ ਹਨ ਅਤੇ ਕਈਆਂ ਦੇ ਪਿੱਛੇ ਹੀ ਆਉਂਦੇ ਹਨ। [25]ਇਸੇ ਤਰਾਂ ਸ਼ੁਭ ਕਰਮ ਭੀ ਪਰਤੱਖ ਹਨ ਅਤੇ ਜੋ ਹੋਰ ਪਰਕਾਰ ਦੇ ਹਨ ਓਹ ਗੁਪਤ ਨਹੀਂ ਰਹਿ ਸੱਕਦੇ।**

**ਆਇਤਾਂ 24, 25.** ਇਨ੍ਹਾਂ ਆਇਤਾਂ ਨੂੰ ਆਪਣੇ ਆਪ ਵਿਚ ਪ੍ਰਾਚੀਨ ਸੱਚਾਈ ਦੇ ਇੱਕ ਪ੍ਰਗਟਾਵੇ ਦੇ ਰੂਪ ਵਿਚ ਮੰਨਿਆ ਜਾ ਸਕਦਾ ਹੈ "ਜਾਣੋ ਭਈ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ" (ਗਿਣਤੀ 32:23)। ਉਹ ਪੜ੍ਹਦੇ ਹਨ, **ਕਈ ਮਨੁੱਖਾਂ ਦੇ ਪਾਪ ਪਰਤੱਖ ਹਨ ਅਤੇ ਅਦਾਲਤ ਵਿੱਚ ਅੱਗੇ ਹੀ ਜਾਂਦੇ ਹਨ ਅਤੇ ਕਈਆਂ ਦੇ ਪਿੱਛੇ ਹੀ ਆਉਂਦੇ ਹਨ। ਇਸੇ ਤਰਾਂ ਸ਼ੁਭ ਕਰਮ ਭੀ ਪਰਤੱਖ ਹਨ ਅਤੇ ਜੋ ਹੋਰ ਪਰਕਾਰ ਦੇ ਹਨ ਓਹ ਗੁਪਤ ਨਹੀਂ ਰਹਿ ਸੱਕਦੇ।** ਜੇਕਰ ਸਾਡੇ ਪਾਪ ਸਾਨੂੰ ਇਸ ਜੀਵਨ ਵਿਚ ਨਹੀਂ ਲੱਭ ਪਾਉਂਦੇ, ਤਾਂ ਉਹ ਨਿਆਂ ਦੇ ਦਿਨ ਸਾਨੂੰ ਲੱਭ ਲੈਣਗੇ। "ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ" (2 ਕੁਰਿੰਥੀਆਂ 5:10)।

ਪਰ, ਸ਼ਾਇਦ, ਪੌਲੁਸ ਨੇ ਆਪਣੀ ਸਲਾਹ ਫਿਰ ਤੋਂ ਸ਼ੁਰੂ ਕੀਤੀ ਸੀ ਕਿ ਪੁਰਖਾਂ ਨੂੰ "ਛੇਤੀ" ਨਿਯੁਕਤ ਨਾ ਕਰ (5:22)। ਇਹ ਦੋ ਆਇਤਾਂ ਹਨ ਜਿਨ੍ਹਾਂ ਨੂੰ ਸਟੌਟ ਨੇ "ਬਰਫ ਦੇ ਪਹਾੜ ਦੇ ਸਿਧਾਂਤ।" ਉਸ ਨੇ ਕਿਹਾ ਕਿ "ਲਗਭਗ ਸਾਰੇ ਲੋਕ ਜਾਂਚ ਤੋਂ ਛੁਪੇ ਹੋਏ ਹੁੰਦੇ ਹਨ ... ਅਕਰਸ਼ਕ ਲੋਕਾਂ ਦੇ ਵਿਚ ਲੁਕੀਆਂ ਹੋਈਆਂ ਕਮਜ਼ੋਰੀਆਂ ਹੁੰਦੀਆਂ ਹਨ, ਜਦਕਿ ਆਮ ਲੋਕਾਂ ਦੇ ਕੋਲ ਛੁਪੀਆਂ ਹੋਈਆਂ ਤਾਕਤਾਂ[44] ਹੁੰਦੀਆਂ ਹਨ।" ਆਇਤ 24 ਅਤੇ 25 ਦਾ ਸੰਦੇਸ਼ ਇੰਝ ਲੱਗਦਾ ਹੈ ਕਿ ਜੇਕਰ ਕਿਸੇ ਕਲੀਸੀਆ ਵਿਚ ਮਰਦਾਂ ਦੀ ਆਗੂਆਂ ਦੇ ਰੂਪ ਵਿਚ ਚੋਣ ਅਤੇ ਨਿਯੁਕਤੀ ਹੋਣ ਵਿਚ ਕੁਝ ਸਮਾਂ ਲੱਗਦਾ ਹੈ, ਤਾਂ ਉਮੀਦਵਾਰਾਂ ਦਾ ਅਸਲੀ ਸੁਭਾਅ ਆਪਣੇ ਆਪ ਬਾਹਰ ਆ ਜਾਂਦਾ ਹੈ।

ਆਇਤ 24 ਇਸ ਪ੍ਰਸਤਾਵ ਦੇ ਨਾਕਾਰਾਤਮਕ ਪਹਿਲੂ ਨੂੰ ਬਦਲ ਦਿੰਦੀ ਹੈ: "ਕਈ ਮਨੁੱਖਾਂ ਦੇ ਪਾਪ ਪਰਤੱਖ ਹਨ ਅਤੇ ਅਦਾਲਤ ਵਿੱਚ ਅੱਗੇ ਹੀ ਜਾਂਦੇ ਹਨ।" ਇਨ੍ਹਾਂ ਦੇ ਵਿਸ਼ੇ ਵਿਚ, ਉਹ ਬਿਨਾਂ ਕਿਸੇ ਸਵਾਲ ਤੋਂ ਐਲਡਰ ਠਹਿਰਾਏ ਜਾਣ ਦੇ ਅਯੋਗ ਹਨ। "ਅਤੇ [ਪਰ] ਕਈਆਂ ਦੇ ਪਿੱਛੇ ਹੀ ਆਉਂਦੇ ਹਨ।" ਇਨ੍ਹਾਂ ਦੇ ਪਾਪ ਸਪੱਸ਼ਟ ਨਹੀਂ ਹੁੰਦੇ ਹਨ। ਇਹ ਲੋਕ ਆਪਣੀਆਂ ਗਲਤੀਆਂ ਨੂੰ ਛੁਪਾ ਕੇ ਇੱਕ ਚੰਗਾ ਪ੍ਰਭਾਵ ਬਣਾਉਣ ਵਿਚ ਕਾਮਯਾਬ ਹੋ ਸਕਦੇ ਹਨ। ਸ਼ਾਇਦ ਉਹ ਲੋਕ ਸੁਭਾਅ ਦੇ ਬਹੁਤ ਚੰਗੇ ਅਤੇ ਇਸ ਚੀਜ਼ ਨੂੰ ਜਾਣਦੇ ਹਨ ਕਿ ਚੰਗੀਆਂ ਗੱਲਾਂ ਕਿਵੇਂ ਕਰਨੀਆਂ ਹਨ। ਪਰ, ਜੇਕਰ ਕਲੀਸੀਆ ਉਨ੍ਹਾਂ ਨੂੰ ਨਿਯੁਕਤ ਕਰਨ ਵਿਚ ਕਾਹਲੀ ਨਹੀਂ ਕਰਦੀ ਤਾਂ ਹੌਲੀ ਹੌਲੀ ਉਨ੍ਹਾਂ ਦੇ ਪਾਪ ਸਪੱਸ਼ਟ ਹੋ ਜਾਂਦੇ ਹਨ, ਅਤੇ ਇਹ ਸਾਫ ਹੋ ਜਾਂਦਾ ਹੈ ਕਿ ਉਹ ਪ੍ਰਭੂ ਦੇ ਕਲੀਸੀਆ ਦੀ ਅਗਵਾਈ ਕਰਨ ਵਿਚ ਅਯੋਗ ਹਨ। ਇਨ੍ਹਾਂ "ਛੁਪੇ ਹੋਏ ਪਾਪਾਂ" ਵਿਚ "ਦਿਯੁਤ੍ਰਿਫੇਸ ਸਿੰਡਰੋਮ" ਵੀ ਹੋ ਸਕਦਾ ਹੈ: ਪ੍ਰਧਾਨਤਾ ਦੀ ਇੱਛਾ ਰੱਖਣਾ, ਹਮੇਸ਼ਾ ਆਪਣੇ ਤਰੀਕੇ ਤੇ ਜ਼ੋਰ ਦੇਣਾ (3 ਯੂਹੰਨਾ 9; ਵੇਖੋ 1 ਤਿਮੋਥਿਉਸ 3:3)।

ਆਇਤ 25 ਇੱਕ ਸਾਕਾਰਾਤਮਕ ਪਹਿਲੂ ਵੱਲ ਮੁੜਦੀ ਹੈ: "ਇਸੇ ਤਰਾਂ ਸ਼ੁਭ ਕਰਮ ਭੀ ਪਰਤੱਖ ਹਨ ਅਤੇ ਜੋ ਹੋਰ ਪਰਕਾਰ ਦੇ ਹਨ ਓਹ ਗੁਪਤ ਨਹੀ ਰਹਿ ਸੱਕਦੇ।" ਕੁਝ ਆਦਮੀ ਚੰਗੇ ਅਤੇ ਸੰਪੂਰਣ ਹੁੰਦੇ ਹਨ, ਅਤੇ ਉਨ੍ਹਾਂ ਦੇ ਵਿਸ਼ੇ ਵਿਚ ਕੁਝ ਸ਼ੱਕ ਹੁੰਦਾ ਹੈ – ਪਰ ਅਜਿਹੇ ਚੰਗੇ ਆਦਮੀ ਵੀ ਹਨ ਜੋ ਅੱਗੇ ਆਉਣ ਤੋਂ ਲੁਕਦੇ ਹਨ, ਜੋ ਆਪਣੇ ਚੰਗੇ ਕੰਮ ਚੁੱਪ-ਚਾਪ ਅਤੇ ਬਿਨਾਂ ਕਿਸੇ ਪ੍ਰਸੰਸਾ ਤੋਂ ਕਰਦੇ ਹਨ। ਅੰਤ ਵਿਚ, ਇਸ ਬਾਅਦ ਦੇ ਸਮੂਹ ਦੇ ਚੰਗੇ ਕੰਮ "ਗੁਪਤ ਨਹੀਂ ਰਹਿ

ਸੱਕਦੇ" ਪਰ ਰੌਸ਼ਨੀ ਵਿਚ ਆਉਣਗੇ।

ਗੁਥਰੀ ਨੇ ਨੋਟ ਕੀਤਾ ਕਿ, ਜੇ ਹੋਰ ਕੁਝ ਨਹੀਂ ਤਾਂ ਆਇਤ 24 ਅਤੇ 25 ਇਹ ਦਰਸਾਉਂਦੀਆਂ ਹਨ ਕਿ "ਪਰਮੇਸ਼ੁਰ ਦੇ ਕੰਮ ਲਈ ਉਚਿਤ ਉਮੀਦਵਾਰਾਂ ਨੂੰ ਚੁਣਨ ਵਿਚ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਆਉਂਦੀਆਂ ਹਨ।"[45] ਜਦੋਂ ਅਸੀਂ ਅਗਵਾਈ ਕਰਨ ਦੇ ਲਈ ਮਨੁੱਖਾਂ ਨੂੰ ਉੱਨਤ ਕਰਦੇ, ਚੁਣਦੇ ਅਤੇ ਨਿਯੁਕਤ ਕਰਦੇ ਹਾਂ ਤਾਂ ਪਰਮੇਸ਼ੁਰ ਸਾਡੀਆਂ ਕਲੀਸੀਆਂਵਾਂ ਦੇ ਨਾਲ ਹੋਵੇ!

# ਪ੍ਰਾਸੰਗਿਕਤਾ

### ਐਲਡਰਾਂ ਦੇ ਲਈ ਆਦਰ ਅਤੇ ਉਤਸਾਹ (5:17)

"ਤਨਖਾਹੀਆ ਐਲਡਰਾਂ" ਦੀ ਧਾਰਣਾ ਕੁਝ ਲੋਕਾਂ ਨੂੰ ਅਜੀਬ ਲੱਗ ਸਕਦੀ ਹੈ, ਪਰ ਇਹ ਵਚਨ ਦੇ ਅਨੁਸਾਰ ਇੱਕ ਧਾਰਣਾ ਹੈ ਜੋ ਸਾਡੇ ਵਿਚ ਆਮ ਹੋਣੀ ਚਾਹੀਦੀ ਹੈ। ਪ੍ਰਚਾਰਕਾਂ ਤੋਂ ਇਲਾਵਾ ਜੋ ਕਿ ਐਲਡਰਸ਼ਿਪ ਦੇ ਇੱਕ ਅੰਗ ਵਜੋਂ ਵੀ ਸੇਵਾ ਕਰਦੇ ਹਨ, ਜ਼ਿਆਦਾਤਰ ਤਨਖਾਹੀ ਐਲਡਰ ਜਿਨ੍ਹਾਂ ਨੂੰ ਮੈਂ ਜਾਣਦਾ ਹੈਂ ਉਹ ਸੇਵਾਮੁਕਤ ਹੋ ਚੁੱਕੇ ਆਦਮੀ ਹਨ ਜਿਨ੍ਹਾਂ ਨੂੰ ਮੰਡਲੀ ਵੱਲੋਂ ਕੁਝ ਮੁਆਵਜ਼ਾ ਦਿੱਤਾ ਜਾਂਦਾ ਹੈ।

ਭਾਵੇਂ ਅਸੀਂ ਇੱਕ ਐਲਡਰ ਨੂੰ ਕੁਝ ਭੁਗਤਾਨ ਕਰਦੇ ਹਾਂ ਜਾਂ ਨਹੀਂ, ਪਰ ਇੱਕ ਰਿਣ ਹੈ ਜੋ ਸਾਨੂੰ ਸਭਨਾਂ ਨੂੰ "ਚੰਗਾ ਪਰਬੰਧ ਕਰਨ ਦੇ ਲਈ" ਦੇਣਾ ਬਣਦਾ ਹੈ, ਅਤੇ ਉਹ ਸਾਡੇ ਵੱਲੋਂ ਆਦਰ ਹੈ। ਥੱਸਲੁਨੀਕੈ ਦੀ ਕਲੀਸੀਆ ਨੂੰ ਲਿਖੀ ਗਈ ਪੌਲੁਸ ਦੀ ਪਹਿਲੀ ਪੱਤ੍ਰੀ ਦੇ ਵਿਚ, ਉਸ ਨੇ ਲਿਖਿਆ, "ਹੁਣ ਹੇ ਭਰਾਵੋ, ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਭਈ ਜਿਹੜੇ ਤੁਹਾਡੇ ਵਿੱਚ ਮਿਹਨਤ ਕਰਦੇ ਅਤੇ ਪ੍ਰਭੂ ਵਿੱਚ ਤੁਹਾਡੇ ਆਗੂ ਹਨ ਅਤੇ ਤੁਹਾਨੂੰ ਚਿਤਾਰਦੇ ਹਨ ਤੁਸੀਂ ਓਹਨਾਂ ਨੂੰ ਮੰਨੋ। ਅਤੇ ਓਹਨਾਂ ਦੇ ਕੰਮ ਦੀ ਖਾਤਰ ਪ੍ਰੇਮ ਨਾਲ ਓਹਨਾਂ ਦਾ ਬਹੁਤਾ ਹੀ ਆਦਰ ਕਰੋ। ਆਪੋ ਵਿੱਚ ਮੇਲ ਰੱਖੋ" (1 ਥੱਸਲੁਨੀਕੀਆਂ 5:12, 13)। ਇਬਰਾਨੀਆਂ ਵਿਚ, ਅਸੀਂ ਪੜ੍ਹਦੇ ਹਾਂ, "ਤੁਸੀਂ ਆਪਣੇ ਆਗੂਆਂ ਦੀ ਆਗਿਆਕਾਰੀ ਕਰੋ ਅਤੇ ਓਹਨਾਂ ਦੇ ਅਧੀਨ ਰਹੋ ਕਿਉਂ ਜੋ ਓਹ ਉਨ੍ਹਾਂ ਵਾਂਙੁ ਜਿਨ੍ਹਾਂ ਲੇਖਾ ਦੇਣਾ ਹੈ ਤੁਹਾਡੀਆਂ ਜਾਨਾਂ ਦੇ ਨਮਿੱਤ ਜਾਗਦੇ ਰਹਿੰਦੇ ਹਨ ਭਈ ਓਹ ਇਹ ਕੰਮ ਅਨੰਦ ਨਾਲ ਕਰਨ, ਨਾ ਹਾਉਕੇ ਭਰ ਭਰ ਕੇ ਕਿਉਂ ਜੋ ਇਹ ਤੁਹਾਡੇ ਲਈ ਲਾਭਵੰਤ ਨਹੀਂ" (ਇਬਰਾਨੀਆਂ 13:17)।

ਐਲਡਰਾਂ ਦਾ ਕੰਮ ਹਮੇਸ਼ਾ ਮੁਸ਼ਕਲ ਹੁੰਦਾ ਹੈ, ਅਕਸਰ ਗਲਤ ਸਮਝਿਆ ਜਾਂਦਾ ਹੈ, ਅਤੇ ਆਮ ਤੌਰ ਤੇ ਅਨੁਚਿਤ ਸਮਝਿਆ ਜਾਂਦਾ ਹੈ। ਆਓ ਅਸੀਂ ਆਪਣੇ ਆਗੂਆਂ ਨੂੰ ਉਤਸ਼ਾਹਿਤ ਅਤੇ ਤਕੜਾ ਕਰਨ ਦੇ ਲਈ ਓਹ ਸਭ ਕੁਝ ਕਰੀਏ ਜੋ ਅਸੀਂ ਕਰ ਸਕਦੇ ਹਾਂ।

### ਪੱਖਪਾਤ ਦਿਖਾਉਣ ਦੇ ਵਿਸ਼ੇ ਵਿਚ ਚੇਤਾਵਨੀ (5:21)

ਮਿੱਤਰ ਬਣਾਉਣਾ ਕੁਦਰਤੀ ਹੈ; ਅਸੀਂ ਸਾਰੇ ਕਈਆਂ ਦੇ ਮੁਕਾਬਲੇ ਕਈ ਲੋਕਾਂ ਦੇ ਨਾਲ ਵਧੇਰੇ ਨਿੱਘ ਮਹਿਸੂਸ ਕਰਦੇ ਹਾਂ। ਇੱਥੋਂ ਤੱਕ ਕਿ ਯਿਸੂ ਦੇ ਵੀ ਬਾਰ੍ਹਾਂ ਚੇਲੇ ਸਨ ਪਰ ਉਨ੍ਹਾਂ ਦਾ ਅੰਦਰੂਨੀ ਦਾਇਰਾ ਤਿੰਨਾਂ ਦਾ ਸੀ। ਹੋ ਸਕਦਾ ਹੈ ਕਿ, ਅਸੀਂ ਕਈਆਂ ਐਲਡਰਾਂ ਦੀ ਬਜਾਇ ਕਈਆਂ ਨੂੰ ਵਧੇਰੇ ਪਸੰਦ ਕਰਦੇ ਹੋਈਏ। ਅਜਿਹਾ ਹੋਣ ਦੀ ਸੂਰਤ ਵਿਚ, ਸ਼ਾਇਦ ਅਸੀਂ ਇਹ ਸੋਚ ਸਕਦੇ ਹਾਂ ਕਿ ਜੇਕਰ ਅਸੀਂ ਕਿਸੇ ਐਲਡਰ ਨੂੰ ਪਸੰਦ ਕਰਦੇ ਹਾਂ ਤਾਂ ਇਹ ਸਭ ਤੋਂ ਵਧੀਆ ਗੱਲ ਹੈ ਪਰ ਜੇਕਰ ਅਸੀਂ ਉਸ ਦੀ ਦੇਖਭਾਲ ਨਹੀਂ ਕਰਦੇ ਤਾਂ ਇਹ ਉਸ ਦੇ ਲਈ ਸਭ ਤੋਂ ਬੁਰੀ ਗੱਲ ਹੁੰਦੀ ਹੈ। ਪੌਲੁਸ ਨੇ ਗੰਭੀਰਤਾ ਦੇ ਨਾਲ ਤਿਮੋਥਿਉਸ ਲਈ ਨਿਸ਼ਚਤ ਕੀਤਾ ਕਿ ਉਹ ਇਸ ਜਾਲ ਵਿਚ ਨਾ ਫਸੇ।

ਉਸ ਨੇ ਉਸ ਨੂੰ ਤਗੀਦ ਕੀਤੀ, "ਪੱਖ ਪਾਤ ਤੋਂ ਬਿਨਾ ਇਨ੍ਹਾਂ ਗੱਲਾਂ ਦੀ ਸੰਭਾਲਣਾ ਕਰ ਅਤੇ ਕਿਸੇ ਕੰਮ ਵਿੱਚ ਰਈ ਨਾ ਕਰ।"

ਪੱਖ ਪਾਤ ਅਤੇ ਤਰਫ਼ਦਾਰੀ ਸੰਸਾਰ ਵਿਚ ਬਹੁਤ ਵੱਡੀ ਬੁਰਾਈ ਨੂੰ ਪੈਦਾ ਕਰਦੇ ਹਨ, ਅਤੇ ਇਹ ਕਲੀਸੀਆ ਤੋਂ ਵੱਧ ਕੇ ਸਾਫ-ਸਾਫ ਨਜ਼ਰ ਆਉਂਦੇ ਹਨ। ਸਾਡਾ ਪਰਮੇਸ਼ੁਰ "ਕਿਸੇ ਦਾ ਪੱਖ ਪਾਤ ਨਹੀਂ ਕਰਦਾ" (ਰਸੂਲਾਂ ਦੇ ਕਰਤੱਬ 10:34), ਅਤੇ ਸਾਨੂੰ ਹੁਕਮ ਦਿੰਦਾ ਹੈ "ਪੱਖ ਪਾਤ ਨਾ ਕਰੀਏ।" ਉਸ ਨੇ ਕਿਹਾ, "ਪਰ ਜੇ ਤੁਸੀਂ ਪੱਖ ਕਰਦੇ ਹੋ ਤਾਂ ਪਾਪ ਕਰਦੇ ਹੋ ਅਤੇ ਅਪਰਾਧੀ ਬਣ ਕੇ ਸ਼ਰਾ ਤੋਂ ਦੋਸ਼ੀ ਠਹਿਰਾਏ ਜਾਂਦੇ ਹੋ" (ਯਾਕੂਬ 2:1, 9; NIV)।

---

## ਟਿੱਪਣੀਆਂ

[1]ਅਧਿਆਇ 5 ਦੇ ਸ਼ੁਰੂ ਵਿਚ, *ਪ੍ਰੈਸਬੁਟੈਰੋਸ* ਇੱਕ "ਬੁੱਢੇ" (5:1) ਆਦਮੀ ਦੇ ਲਈ ਇੱਕ ਗੈਰ ਤਕਨੀਕੀ ਅਰਥ ਵਿਚ ਇਸਤੇਮਾਲ ਕੀਤਾ ਗਿਆ ਹੈ। [2]ਯੂਨਾਨੀ ਲਿਖਤ ਵਿਚ "ਵਚਨ ਸੁਣਾਉਣ" (ἐν λόγῳ, *ਐਨ ਲੋਗੋ)* ਹੈ। [3]ਕੁਝ ਲੋਕਾਂ ਨੇ "ਚੰਗਾ ਪਰਬੰਧ" ਕਰਨ ਵਾਲੇ ਐਲਡਰਾਂ ਅਤੇ "ਸਿੱਖਿਆ ਦੇਣ ਵਾਲੇ" ਐਲਡਰਾਂ ਦੇ ਵਿਚ ਭੇਦ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਵਚਨ ਵਿਚ ਅਜਿਹਾ ਕੋਈ ਭੇਦ ਨਹੀਂ ਪਾਇਆ ਜਾਂਦਾ ਹੈ। [4]ਇੱਕ ਅਜਿਹੀ ਸਥਿਤੀ ਉਸ ਸਮੇਂ ਵੀ ਪੈਦਾ ਹੁੰਦੀ ਹੈ ਜਦੋਂ ਕਲੀਸੀਆ ਦਾ ਪ੍ਰਚਾਰਕ ਇੱਕ ਐਲਡਰ ਹੋਣ ਦੇ ਯੋਗ ਹੋਵੇ ਅਤੇ ਮੈਂਬਰਾਂ ਦੇ ਦੁਆਰਾ ਉਨ੍ਹਾਂ ਦੇ ਇੱਕ ਐਲਡਰ ਦੇ ਰੂਪ ਵਿਚ ਥਾਪਿਆ ਜਾਵੇ। [5]ਵਾਲਟਰ ਬਾਉਰ, *ਏ ਗਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਨ ਲਿਟਰੇਚਰ,* ਤੀਜਾ ਸੰਸਕਰਣ, ਸੋਧ ਅਤੇ ਸੰਪਾਦਨ. ਫਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 2000), 558; ਡਬਲਿਯੂ. ਈ. ਵਾਇਨ, ਮੈਰਿਲ ਐੱਫ਼ ਅੰਗਰ, ਅਤੇ ਵਿਲੀਅਮ ਵਾਇਟ, ਜੂਨੀਅਰ, *ਵਾਇਨਸ ਕੰਪਲੀਪ ਐਕਪੋਸੀਟਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਸ* (ਨੈਸ਼ਵਿਲ: ਥੋਮਸ ਨੈਲਸਨ ਪਬਲਿਸ਼ਰਜ਼, 1985), 349. [6]ਯੂਨਾਨੀ ਸ਼ਬਦ *ਟਾਇਮ* ਅਤੇ *ਟਾਇਮਾਓ* ਵਿਚ ਹਮੇਸ਼ਾ ਵਿੱਤੀ ਸਹਾਇਤਾ ਦਾ ਵਿਚਾਰ ਨਹੀਂ ਹੁੰਦਾ ਹੈ (1 ਤਿਮੋਥਿਉਸ 6:1), ਪਰ ਕਈ ਵਾਰ ਹੁੰਦਾ ਹੈ। [7]ਵਾਇਨ, ਅੰਗਰ, ਅਤੇ ਵਾਇਟ, 181. [8]ਕੁਝ ਲੋਕ ਸੁਝਾਅ ਦਿੰਦੇ ਹਨ ਕਿ ਪੌਲੁਸ ਅਤੇ ਲੂਕਾ ਨੇ ਇੱਕੋ ਹੀ ਸਰੋਤ ਤੋਂ ਹਵਾਲਾ ਦਿੱਤਾ ਹੈ। ਪਰ, ਇਹ ਸੰਭਾਵਨਾ ਵਧੇਰੇ ਹੈ ਕਿ ਪੌਲੁਸ ਨੇ ਲੂਕਾ ਤੋਂ ਹਵਾਲਾ ਦਿੱਤਾ ਸੀ। [9]ਸ਼ਾਇਦ ਲੂਕਾ ਅਤੇ ਰਸੂਲਾਂ ਦੇ ਕਰਤੱਬ ਪੁਸਤਕਾਂ ਪੌਲੁਸ ਦੇ ਪਹਿਲੀ ਵਾਰ ਰੋਮ ਦੀ ਜੇਲ੍ਹ ਵਿਚ ਰਹਿੰਦੇ ਸਮੇਂ ਸੰਪੂਰਣ ਹੋਈਆਂ ਸਨ, ਜਦਕਿ ਘਰ ਗ੍ਰਿਫਤਾਰੀ ਤੋਂ ਛੁੱਟਣ ਤੋਂ ਬਾਅਦ ਪੌਲੁਸ ਨੇ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ ਲਿਖੀ ਸੀ। (ਡੇਵਿਡ ਐੱਲ. ਰੋਪਰ, *ਐਕਟਸ 1-14,* ਟਰੁੱਥ ਫਾਰ ਟੁਡੇ ਕਮੈਂਟਰੀ [ਸਰਸੀ, ਆਰਕਾਨਸਾਸ: ਰਿਸੋਰਸ ਪਬਲਿਕੇਸ਼ਨਸ, 2001], 12-13.) [10]ਇਹ ਵੀ ਹੋ ਸਕਦਾ ਹੈ ਕਿ ਪੌਲੁਸ ਦੇ ਕੋਲ ਲੂਕਾ ਦੀਆਂ ਲਿਖਤਾਂ ਦੀ ਆਪਣੀ ਕਾਪੀ ਹੋਵੇ (2 ਤਿਮੋਥਿਉਸ 4:13 ਤੇ ਟਿੱਪਣੀਆਂ ਵੇਖੋ)।

[11]2 ਤਿਮੋਥਿਉਸ 3:16, 17 ਤੇ ਟਿੱਪਣੀਆਂ ਵੇਖੋ। [12]"ਪਰਾਪਤ ਕਰਨਾ" ਸੰਯੁਕਤ ਸ਼ਬਦ, παραδέχομαι *(ਪੈਰਾਡੇਚੋਮਾਈ)* ਤੋਂ ਹੈ, ਜੋ "ਪਰਾਪਤ ਕਰਨਾ" (δέχομαι, *ਡੇਕੋਮਾਈ)* ਸ਼ਬਦ ਨੂੰ ਇੱਕ ਸੰਬੰਧਕ (παρά, *ਪਾਰਾ)* ਦੇ ਨਾਲ ਮਜ਼ਬੂਤ ਕਰਦਾ ਹੈ। [13]ਇੱਕ ਮਾਮਲੇ ਨੂੰ ਸਥਾਪਤ ਕਰਨ ਦੇ ਲਈ ਦੋ ਜਾਂ ਤਿੰਨ ਗਵਾਹਾਂ ਦਾ ਨਿਯਮ ਨਵੇਂ ਅਤੇ ਪੁਰਾਣੇ ਦੋਵਾਂ ਨੇਮਾਂ ਵਿਚ ਪਾਇਆ ਜਾਂਦਾ ਹੈ (ਬਿਵਸਥਾ ਸਾਰ 17:6; 19:15; ਮੱਤੀ 18:16; 2 ਕੁਰਿੰਥੀਆਂ 13:1)। [14]ਕਿਰਿਆ ਜਿਸ ਦਾ ਅਨੁਵਾਦ "ਜਿਹੜੇ ਪਾਪ ਕਰਦੇ ਹਨ" (ἁμαρτάνοντας, *ਹਾਮਾਰਟੁਨੋਨਟਸ*) ਵਰਤਮਾਨ ਕਾਲ ਵਿਚ ਹੈ, ਜੋ ਸੰਕੇਤ ਦਿੰਦਾ ਹੈ ਕਿ ਨਿਰੰਤਰ ਹੋ ਰਿਹਾ ਹੈ (ਜਿਵੇਂ ਅਨੁਵਾਦ ਦੱਸਦਾ ਹੈ)। [15]ਕੁਝ ਪ੍ਰਚਾਰਕਾਂ ਨੇ 1 ਤਿਮੋਥਿਉਸ 5:20 ਨੂੰ ਇੱਕ ਲਾਇਸੈਂਸ ਦੇ ਰੂਪ ਵਿਚ ਲਿਆ ਹੈ ਕਿ ਉਹ (ਪੁਲਪਿਟ ਤੋਂ) ਉਨ੍ਹਾਂ ਲੋਕਾਂ ਨੂੰ ਸਜ਼ਾ ਦੇਣ ਜਿਨ੍ਹਾਂ ਲੋਕਾਂ ਦੇ ਵਿਸ਼ੇ ਉਹ ਵਿਸ਼ਵਾਸ ਕਰਦੇ ਹਨ ਕਿ ਉਹ ਪਾਪ ਕਰ ਰਹੇ ਹਨ। ਇਹ ਹਵਾਲਾ ਕਲੀਸੀਆ ਦੀ ਕਾਰਵਾਈ ਨੂੰ ਅਧਿਕਾਰ ਦਿੰਦਾ ਹੈ, ਨਾ ਕਿ ਵਿਅਕਤੀਗਤ ਪ੍ਰਤੀਕੂਲਤਾ ਨੂੰ। [16]ਯੂਨਾਨੀ ਵਿਚ ਬਸ "ਸਭਨਾਂ ਦੇ ਸਾਹਮਣੇ" ਹੈ। [17]ਜੌਨ ਆਰ. ਡਬਲਿਯੂ. ਸਟੌਟ, *ਗਾਰਡ ਦਾ ਟਰੁੱਥ: ਦ ਮੈਸੇਜ ਆਫ਼ 1 ਤਿਮੋਥੀ ਐਂਡ ਟਾਈਟਸ,* ਦੀ ਬਾਈਬਲ ਸਪੀਕਸ ਟੁਡੇ (ਡਾਨਰਸ ਗਰੂਵਸ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1996), 139. [18]ਬਾਉਰ, 315. [19]ਵਿਲੀਅਮ ਬਾਰਕਲੇ, *ਦ ਲੈਟਰਸ ਟੂ ਟਿਮੋਥੀ, ਟਾਈਟਸ, ਐਂਡ ਫਿਲੇਮੋਨ,* ਸੋਧਿਆ ਸੰਸਕਰਣ, ਦ ਡੇਲੀ ਸਟੱਡੀ ਬਾਈਬਲ (ਫਿਲਡੇਲਫੀਆ: ਵੇਸਟਮੈਂਸਟ ਪ੍ਰੈੱਸ, 1975), 115. [20]ਡੋਨਾਲਡ ਗੁਥਰੀ, *ਦ ਪਾਸਟਰਲ ਅਪਿਸਲਸ,* ਸੋਧਿਆ ਸੰਸਕਰਣ, ਦੀ ਟਿੰਡਲ ਨਿਊ ਟੈਸਟਾਮੈਂਟ ਕਮੈਂਟਰੀਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1990), 118.

[21]ਡੇਵਿਡ ਲਿਪਸਕੋਂਬ ਅਤੇ ਜੇ. ਡਬਲਿਯੂ ਸ਼ੈਫਰਡ, *ਏ ਕਮੈਂਟਰੀ ਔਨ ਦ ਨਿਊ ਟੈਸਟਾਮੈਂਟ ਅਪਿਸਟਲਸ,* ਜਿਲਦ 5 (ਨੈਸ਼ਵਿਲ: ਗੋਸਪਲ ਐਡਵੋਕੇਟ ਕੰਪਨੀ, 1942), 173. ਕਲੀਸੀਆ ਅਨੁਸ਼ਾਸਨ ਦੇ ਹਵਾਲਿਆਂ ਵਿਚ ਮੱਤੀ 18:15-18; ਰੋਮੀਆਂ 16:17; 1 ਕੁਰਿੰਥੀਆਂ 5; 2 ਕੁਰਿੰਥੀਆਂ 2:6-11; 2 ਥੱਸਲੁਨੀਕੀਆਂ 3:6, 14, 15 ਸ਼ਾਮਲ ਹਨ। [22]2 ਤਿਮੋਥਿਉਸ 4:1 ਵਿਚ ਵੀ "ਤਗੀਦ" ਸ਼ਬਦ ਵਰਤਿਆ ਗਿਆ ਹੈ। [23]ਯੂਨਾਨੀ ਸ਼ਬਦ ਜਿਸ ਦਾ ਅਨੁਵਾਦ "ਚੁਣਿਆਂ" (ἐκλεκτός, *ਏਕਲੇਕਟੋਸ)* ਕੀਤਾ ਗਿਆ ਹੈ ਇਸ ਦਾ ਅਨੁਵਾਦ "ਚੁਣੇ" ਜਾਂ "ਚੋਣ ਕਰਨਾ" ਵੀ ਕੀਤਾ ਜਾ ਸਕਦਾ ਹੈ। 2 ਤਿਮੋਥਿਉਸ 2:10 ਵਿਚ ਇਸ ਦਾ ਅਨੁਵਾਦ ਕੀਤਾ ਗਿਆ ਹੈ। [24]"ਇਨ੍ਹਾਂ ਗੱਲਾਂ" ਦੀ ਬਜਾਇ ਯੂਨਾਨੀ ਲਿਖਤ ਵਿਚ ਸਿਰਫ "ਇਹ ਗੱਲਾਂ" ਹੈ। [25]ਵਾਇਨ, ਅੰਗਰ, ਅਤੇ ਵਾਇਟ, 340. [26]ਬਾਉਰ, 1068. [27]ਵਾਇਨ, ਅੰਗਰ, ਅਤੇ ਵਾਇਟ, 483. [28]ਉਸੇ ਸਥਾਨ ਤੇ, 460. [29]ਵਾਰਨ ਡਬਲਿਯੂ. ਵਾਇਸਬੇ, *ਦ ਬਾਈਬਲ ਐਕਸਪੋਜੀਸ਼ਨ ਕਮੈਂਟਰੀ: ਨਿਊ ਟੈਸਟਾਮੈਂਟ,* ਜਿਲਦ 2 (ਵਹੀਟਨ, ਇਲੀਨੋਇਸ: ਵਿਕਟਰ ਬੁਕਸ, 1989), 233. [30]ਵੇਖੋ 1 ਤਿਮੋਥਿਉਸ 4:14. ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ ਇਹ ਮਾਫ਼ੀ ਪਾਉਣ ਦੇ ਲਈ ਇੱਕ ਸਮਾਰੋਹ ਦਾ ਸੰਕੇਤ ਦਿੰਦਾ ਹੈ, ਪਰ ਅਜਿਹਾ ਅਭਿਆਸ "ਲੇਖਕ ਦੇ ਸਮੇਂ ਦੇ ਸੌ ਤੋਂ ਵੱਧ ਸਾਲਾਂ ਦੇ ਲਈ ਪ੍ਰਮਾਣਿਤ ਨਹੀਂ ਹੁੰਦਾ ਹੈ" (ਏ. ਟੀ. ਹੈਨਸਨ, *ਦੀ ਪਾਸਟਰਲ ਅਪਿਸਟਲਸ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1982], 103).

[31]ਪੌਲੁਸ ਦੁਆਰਾ ਐਲਡਰਾਂ ਦੀ "ਨਿਯੁਕਤੀ" ਦੇ ਵਿਸ਼ੇ ਵਿਚ ਇੱਕ ਚਰਚਾ ਰਸੂਲਾਂ ਦੇ ਕਰਤੱਬ 14:23 ਵਿਚ ਦਿੱਤੀ ਗਈ ਹੈ, *ਐਕਟਸ 1-14*, 527-31, 536-37. [32]*ਹੈਗਨੇਸ* ἅγιος (*ਹਾਈਗਿਓਸ,* "ਪਵਿੱਤਰ") ਦੇ ਰੂਪ ਵਿਚ ਉਸੇ ਮੂਲ ਹੈ। (ਵਾਇਨ, ਅੰਗਰ, ਅਤੇ ਵਾਇਟ, 498; ਬਾਉਰ, 13.) [33]"ਨਿਰਾ" NASB ਦੇ ਅਨੁਵਾਦਕਾਂ ਦੇ ਦੁਆਰਾ ਜੋੜ ਦਿੱਤਾ ਗਿਆ ਹੈ। ਅਸਲੀ ਲਿਖਤ ਵਿਚ ਇਹ ਸ਼ਬਦ ਨਹੀਂ ਪਾਇਆ ਜਾਂਦਾ ਹੈ (ਵੇਖੋ KJV), ਪਰ ਕੁਝ ਸੰਸਕਰਣ ਕੁਝ ਯੋਗਤਾ ਪ੍ਰਦਾਨ ਕਰਦੇ ਹਨ (ਆਮ ਤੌਰ ਤੇ ਸ਼ਬਦ "ਨਿਰਾ" ਜੋੜਣ ਦੇ ਦੁਆਰਾ)। [34]ਗੋਰਡਨ ਡੀ. ਫੀ, *1 ਅਤੇ 2 ਤਿਮੋਥੀ, ਟਾਇਿਟਸ,* ਏ ਗੁੱਜ ਨਿਊਜ਼ ਕਮੈਂਟਰੀ (ਸਨ ਫ੍ਰਾਂਸਿਸਕੋ: ਹਾਰਪਰ ਐਂਡ ਰੌ, 1984) 87. [35]ਜੇਮਸ ਮਾਫਟ ਇਸ ਆਇਤ ਨੂੰ ਇੱਕ ਫੁੱਟਨੋਟ ਵਿਚ ਪਾ ਦਿੱਤਾ ਅਤੇ ਸਮਝਾਇਆ ਕਿ ਸ਼ਬਦ "ਸੀਮਿਤ ਗਲੋਸ ਜਾਂ ਗਲਤ ਜਗ੍ਹਾ" ਹੈ (ਜੇਮਸ ਮਾਫਟ, *ਦੀ ਬਾਈਬਲ: ਏ ਨਿਊ ਟ੍ਰਾਂਸਲੇਸ਼ਨ* [ਨਿਊ ਯਾਰਕ: ਹਾਰਪਰ ਐਂਡ ਬ੍ਰਦਰਸ, 1954], 265)। [36]ਡੌਨ ਡੀਵੈਲਟ, *ਪੌਲੁਸ ਲੈਟਰ ਟੂ ਤਿਮਥੀ ਐਂਡ ਟਾਇਟਸ,* ਬਾਈਬਲ ਸਟੱਡੀ ਟੈਕਸਟਬੁਕ (ਜੌਪਲਿਨ, ਮਿਸੌਰੀ: ਕਾੱਲਜ ਪ੍ਰੈੱਸ, 1961), 107. [37]ਵਿਲੀਅਮ ਪੈਲੀ, *ਹੋਏ ਪੌਲੀਨੇ* (ਲੰਡਨ: ਲੌਂਗਮੈਨ, ਓਰਮੇ, ਬਰਾਊਨ, ਗ੍ਰੀਨ, ਲੌਂਗਮੈਨਸ, 1840), 172. ਪੈਲੀ (1743-1805) ਇੱਕ ਅੰਗ੍ਰੇਜ਼ੀ ਪਾਸਬਾਨ ਅਤੇ ਮਸੀਹੀ ਅਪੋਲੋਜਿਸਟ ਸੀ। [38]ਐੱਚ. ਡੀ. ਐਮ . ਸਪੈਂਸ, "ਦ ਅਪਿਸਟਲ ਟੂ ਤਿਮੋਥੀ ਐਂਡ ਟਾਈਟਸ," *ਐਲੀਕੋਟਸ ਬਾਈਬਲ ਕਮੈਂਟਰੀ,* ਜਿਲਦ 8 (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਿੰਗ ਹਾਊਸ, 1959), 207. [39]ਤਿਮੋਥਿਉਸ ਦੇ ਬੀਮਾਰ ਹੋਣ ਦੇ ਸੰਬੰਧ ਵਿਚ ਭਾਵੇਂ ਕਿ ਪੌਲੁਸ ਕੋਲ ਚੰਗਾਈ ਦਾ ਵਰਦਾਨ ਸੀ, ਵੇਖੋ 2 ਤਿਮੋਥਿਉਸ 4:20. [40]ਤਿਮੋਥਿਉਸ ਸ਼ਾਇਦ ਰੇਕਾਬੀਆਂ ਦੀ ਕਹਾਣੀ ਤੋਂ ਪ੍ਰਭਾਵਿਤ ਸੀ ਜੋ ਸ਼ਰਾਬ ਨਹੀਂ ਪੀ ਸਕਦੇ ਸਨ (ਯਿਰਮਿਯਾਹ 35:6, 8)। ਅੱਜ, ਕੁਝ ਲੋਕ (ਮੈਨੂੰ ਮਿਲਾ ਕੇ) ਸ਼ਰਾਬ ਨਹੀਂ ਪੀਂਦੇ ਹਨ ਕਿਉਂਕਿ ਇਸ ਅਭਿਆਸ ਦੇ ਸਮਾਜ ਤੇ ਬੁਰੇ ਅਸਰ ਪੈਂਦੇ ਹਨ (ਵੇਖੋ ਰੋਮੀਆਂ 14:21)।

[41]ਇਹ ਸੰਕੇਤ ਦਿੰਦਾ ਹੈ ਕਿ ਬਾਈਬਲ ਦਵਾਈ ਦੇ ਖਿਲਾਫ ਨਹੀਂ ਹੈ (ਨੋਟ 2 ਤਿਮੋਥਿਉਸ 4:20)। [42]ਜੇ. ਡਬਲਿਯੂ. ਰੋਬਰਟਸ, *ਲੇਟਰਸ ਟੂ ਤਿਮੋਥੀ,* ਦ ਲਿਵਿੰਗ ਵਰਡ (ਔਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1964), 61. ਗੈਲਮ (c. 130-c. 200 ਈਸਵੀ) ਹੈਪੋਕ੍ਰੇਟਸ (460-370 ਈ.ਪੂ.) ਅਤੇ ਨਿਰਧਾਰਤ ਨੀਂਹ ਤੇ ਬਣਾਇਆ ਗਿਆ ਅਤੇ ਇਸ ਨੇ ਮੈਡੀਕਲ ਸਾਇੰਸ ਵਿਚ ਬਹੁਤ ਤਰੱਕੀ ਕੀਤੀ। [43]ਬਰੂਸ ਬੀ. ਬਾਰਟਨ, ਡੇਵਿਡ ਆਰ. ਵੀਰਮੈਨ, ਅਤੇ ਨੀਲ ਵਿਲਸਨ, *1 ਤਿਮੋਥੀ, 2 ਤਿਮੋਥੀ, ਟਾਈਟਸ,* ਲਾਇਫ ਐਪਲੀਕੇਸ਼ਨ ਬਾਈਬਲ ਕਮੈਂਟਰੀ (ਵਹੀਟਨ, ਇਲੀਨੋਇਸ: ਟਿੰਡਲ ਹਾਊਸ ਪਬਲਿਸ਼ਰਜ਼, 1993), 113. [44]ਸਟੌਟ, 141. [45]ਗੁਥਰੀ, 121.